**DIRECTORATE OF EDUCATION**
Shiromani Gurdwara Parbandhak Committee,
Sri Amritsar Sahib



# Prospectus
## 2025-26

# MATA GUJRI KHALSA COLLEGE
## KARTARPUR (JALANDHAR)

Affiliated to Guru Nanak Dev University, Amritsar & PSEB, Mohali

www.mgkckartarpur.ac.in    mgkckartarpur@gmail.com

# ਸ੍ਵੈਯਾ

ਦੇਹ ਸਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰ ਅਪਨੀ ਜੀਤ ਕਰੋਂ॥
ਅਰੁ ਸਿਖ ਹੌਂ ਆਪਨੇ ਹੀ ਮਨ ਕੌ
ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਦਾਨ ਬਨੈ
ਅਤ ਹੀ ਰਨ ਮੈ ਤਬ ਜੂਝ ਮਰੋਂ॥

ਗੁਰੂ ਗੋਬਿੰਦ ਸਿੰਘ ਜੀ



# ਸੰਦੇਸ਼

**ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥**

ਸਿੱਖਾਂ ਦੀ ਪ੍ਰਮੁੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਥਾਪਨਾ ਦਾ ਇਤਿਹਾਸ ਬਹੁਤ ਨਿਵੇਕਲਾ ਅਤੇ ਕੁਰਬਾਨੀਆਂ ਭਰਿਆ ਹੈ। ਇਸ ਦੇ ਹੋਂਦ ਵਿੱਚ ਆਉਣ ਨਾਲ ਸਿੱਖ ਸ਼ਕਤੀ ਸੰਗਠਿਤ ਹੋਈ, ਜਿਸ ਨੇ ਪੰਥਕ ਹਿੱਤਾਂ ਦੀ ਤਰਜ਼ਮਾਨੀ ਕੀਤੀ। ਗੁਰੂ ਘਰਾਂ ਦੇ ਸੁਚੱਜੇ ਪ੍ਰਬੰਧ, ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰ, ਪੰਥਕ ਮਸਲਿਆਂ, ਸਿਹਤ ਸੇਵਾਵਾਂ, ਲੋਕ ਭਲਾਈ, ਵਿੱਦਿਆ ਤੋਂ ਲੈ ਕੇ ਸਮਾਜ ਦੇ ਹਰ ਖੇਤਰ ਵਿਚ ਇਸ ਦੀ ਭੂਮਿਕਾ ਮੋਹਰੀ ਰਹੀ ਹੈ।

ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੁੰਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਵਿੱਦਿਆ ਦੇ ਪਸਾਰ ਲਈ ਵਿੱਦਿਅਕ ਸੰਸਥਾਵਾਂ ਦੀ ਸਥਾਪਨਾ ਕਰਕੇ ਨਿਰਸਵਾਰਥ ਭਾਵਨਾ ਨਾਲ ਉੱਚ, ਮਿਆਰੀ, ਸਮੇਂ ਦੇ ਹਾਣ ਦੀ ਸਿੱਖਿਆ ਪ੍ਰਦਾਨ ਕਰਨ ਹਿੱਤ ਅਤੇ ਨੈਤਿਕ ਕਦਰਾਂ-ਕੀਮਤਾਂ, ਅਮੀਰ ਸਿੱਖ ਵਿਰਸਾ, ਸਿੱਖੀ ਸਿਧਾਂਤਾਂ ਤੇ ਸਿੱਖੀ ਜੀਵਨ ਦਰਸ਼ਨ ਅਨੁਸਾਰ ਵਿਦਿਆਰਥੀਆਂ ਦੀ ਸ਼ਖ਼ਸੀਅਤ ਉਸਾਰੀ ਕਰਨ ਲਈ ਨਿੱਗਰ ਯੋਗਦਾਨ ਪਾਇਆ ਜਾ ਰਿਹਾ ਹੈ।

ਅਜੋਕੇ ਸਮੇਂ ਧਾਰਮਿਕ, ਸਮਾਜਿਕ, ਸਭਿਆਚਾਰਕ ਤੇ ਸਿੱਖਿਆ ਦੇ ਖੇਤਰ ਵਿੱਚ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ, ਨੌਜਵਾਨ ਪੀੜ੍ਹੀ ਨੂੰ ਸਹੀ ਸੇਧ ਤੇ ਦਿਸ਼ਾ ਦੇਣ, ਪਤਿਤਪੁਣੇ ਤੇ ਨਸ਼ਿਆਂ ਜਿਹੀਆਂ ਅਲਾਮਤਾਂ ਤੋਂ ਬਚਾਉਣ, ਸਦਾਚਾਰਕ ਤੇ ਨੈਤਿਕ ਸਿੱਖਿਆ ਪ੍ਰਦਾਨ ਕਰਨ, ਪੱਛਮੀ ਚਕਾਚੌਂਧ ਤੋਂ ਪ੍ਰਭਾਵਿਤ ਰਹਿਣੀ-ਬਹਿਣੀ ਤੇ ਪੱਛਮੀ ਮੁਲਕਾਂ ਵੱਲ ਨੌਜਵਾਨਾਂ ਦੇ ਪ੍ਰਵਾਸ ਨੂੰ ਠੱਲ੍ਹ ਪਾਉਣ ਪ੍ਰਤੀ ਵਿੱਦਿਅਕ ਅਦਾਰਿਆਂ ਦੀ ਅਹਿਮ ਭੂਮਿਕਾ ਤੇ ਜ਼ਿੰਮੇਵਾਰੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਅਤਿ-ਆਧੁਨਿਕ ਤਕਨੀਕ ਨਾਲ ਅਤੇ ਮਸ਼ੀਨੀ ਜਾਂ ਮਸਨੂਈ ਬੁੱਧੀਮਾਨਤਾ ਦੇ ਇਸ ਯੁੱਗ ਵਿੱਚ ਨੌਜਵਾਨਾਂ ਨੂੰ ਨਵੀਂ ਤਕਨੀਕ ਨਾਲ ਲਬਰੇਜ਼ ਸਹੂਲਤਾਂ ਮੁਹੱਈਆ ਕਰਵਾਉਣ ਦੇ ਨਾਲ-ਨਾਲ ਮੁੱਲਵਾਨ ਮਾਨਵੀ ਕਦਰਾਂ-ਕੀਮਤਾਂ, ਉੱਚੇ ਆਦਰਸ਼ਾਂ, ਨੈਤਿਕ ਮੁੱਲਾਂ ਅਤੇ ਸਿੱਖੀ ਸਿਧਾਂਤਾਂ ਦੀ ਸਿੱਖਿਆ ਦੇਣਾ ਆਪਣਾ ਫਰਜ਼ ਸਮਝਦੀਆਂ ਹਨ। ਇਨਾ ਸੰਸਥਾਵਾਂ ਦਾ ਮੰਤਵ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਸੰਜਮ, ਸੰਤੋਖ ਤੇ ਸੰਵੇਦਨਸ਼ੀਲਤਾ ਜਿਹੇ ਗੁਣਾਂ ਦਾ ਸੰਚਾਰ ਕਰਕੇ ਨਿੱਗਰ ਚਰਿੱਤਰ ਦਾ ਨਿਰਮਾਣ ਕਰਨਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਫੁਰਮਾਨ/ਬਚਨ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਅਨੁਸਾਰ ਵਿਦਿਆ ਪ੍ਰਾਪਤ ਕਰਕੇ ਸੰਗਤ ਵਿੱਚ ਪਰਉਪਕਾਰ ਕਰਨ ਦਾ ਉਪਦੇਸ਼ ਹੈ। ਵਿੱਦਿਆ ਦੂਜਿਆਂ ਦੀ ਭਲਾਈ ਕਰਨਾ ਸਿਖਾਉਂਦੀ ਹੈ ਅਤੇ ਮਨੁੱਖ ਅਸਲ ਵਿੱਦਿਆ ਪ੍ਰਾਪਤ ਕਰਕੇ ਹੀ 'ਵਿਚਾਰਵਾਨ' ਬਣਦਾ ਹੈ। ਇਸ ਆਦਰਸ਼ ਉੱਤੇ ਚੱਲਦਿਆਂ ਸਿੱਖਿਆ ਵਿੱਚ ਸਿੱਖ ਸੁਰਤਿ, ਮਤਿ, ਮਨੁ, ਬੁਧਿ, ਬਿਬੇਕ ਰਾਹੀਂ ਰੋਸ਼ਨ ਦਿਮਾਗ਼ ਅਤੇ ਸਿੱਖੀ ਸਰੂਪ ਦੀ ਝਲਕ ਵੀ ਦ੍ਰਿਸ਼ਟੀਮਾਨ ਹੋਣੀ ਜ਼ਰੂਰੀ ਹੈ।

ਮੈਂ ਸੰਸਥਾ ਵਿੱਚ ਦਾਖ਼ਲਾ ਲੈਣ ਵਾਲੇ ਸਮੂਹ ਵਿਦਿਆਰਥੀਆਂ ਨੂੰ ਖ਼ੁਸ਼-ਆਮਦੀਦ ਆਖਦਾ ਹੋਇਆ ਸਭ ਦੇ ਰੋਸ਼ਨ ਭਵਿੱਖ ਲਈ ਤਹਿ ਦਿਲੋਂ ਸ਼ੁੱਭ ਇੱਛਾਵਾਂ ਦਿੰਦਾ ਹਾਂ।

ਗੁਰੂ ਪੰਥ ਦਾ ਦਾਸ

ਹਰਜਿੰਦਰ ਸਿੰਘ

**ਐਡਵੋਕੇਟ ਹਰਜਿੰਦਰ ਸਿੰਘ 'ਧਾਮੀ'**

ਪ੍ਰਧਾਨ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ ਸਾਹਿਬ।



# ਸੰਦੇਸ਼

**ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥**

ਗੁਰੂ ਸਾਹਿਬਾਨ ਦੁਆਰਾ ਸਮੁੱਚੀ ਮਾਨਵਤਾ ਦੇ ਭਲੇ ਲਈ ਦਰਸਾਏ ਮਾਰਗ ਉੱਤੇ ਚੱਲਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਬਹੁਪੱਖੀ ਸਿੱਖਿਆ ਪ੍ਰਦਾਨ ਕਰਨ ਲਈ ਯਤਨਸ਼ੀਲ ਹਨ। ਇਹਨਾਂ ਵਿੱਦਿਅਕ ਅਦਾਰਿਆਂ ਦਾ ਮੂਲ ਉਦੇਸ਼ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਫੈਲਾਉਣਾ ਅਤੇ ਅਜਿਹੀ ਸਾਰਥਕ ਤੇ ਸਦੀਵੀ ਸਿੱਖਿਆ ਪ੍ਰਦਾਨ ਕਰਨਾ ਹੈ ਜਿਸ ਵਿੱਚੋਂ ਸਿੱਖੀ ਸਿਧਾਂਤਾਂ ਦੀ ਝਲਕ ਵੀ ਪ੍ਰਾਪਤ ਹੋਵੇ।

ਆਧੁਨਿਕ ਸਮੇਂ ਪੂੰਜੀਵਾਦੀ ਅਤੇ ਸਵਾਰਥੀ ਰੁਚੀਆਂ ਦੇ ਸ਼ਿਕਾਰ ਵਰਗ ਵੱਲੋਂ ਸਿੱਖਿਆ ਨੂੰ ਮੁਨਾਫ਼ੇ ਦੀ ਵਸਤੂ ਬਣਾ ਕੇ ਇਸਦਾ ਵਪਾਰੀਕਰਨ ਕੀਤਾ ਜਾ ਰਿਹਾ ਹੈ ਜਦਕਿ ਵਿੱਦਿਆ ਦਾ ਅਸਲੀ ਅਰਥ ਪਰਉਪਕਾਰ ਹੈ। ਮੌਲਿਕ ਸੂਝ ਤੇ ਵਿਸ਼ਾਲ ਗਿਆਨ ਪ੍ਰਾਪਤ ਕਰਕੇ ਵਿਚਾਰਵਾਨ ਸਿੱਖਿਆਰਥੀ ਨੇ ਸਮਾਜ ਲਈ ਰਾਹ ਦਸੇਰਾ ਬਣਨਾ ਹੁੰਦਾ ਹੈ। ਵਿਚਾਰਹੀਣ ਵਿੱਦਿਆ ਮਨੁੱਖ ਨੂੰ ਪਰਉਪਕਾਰੀ ਬਣਾਉਣ ਦੀ ਥਾਂ ਕੁਰਾਹੇ ਪਾ ਦਿੰਦੀ ਹੈ।

ਅਜੋਕੇ ਸਿੱਖਿਆ ਪ੍ਰਬੰਧ ਨੂੰ ਬਹੁਤ ਚੁਣੌਤੀਆਂ ਅਤੇ ਸਮੱਸਿਆਵਾਂ ਦਰਪੇਸ਼ ਹਨ। ਸਵੈ-ਕੇਂਦਰਿਤ ਰੁਚੀਆਂ ਦੇ ਸ਼ਿਕਾਰ ਮਨੁੱਖ ਵਿੱਚੋਂ ਮਾਨਵੀ ਕਦਰਾਂ-ਕੀਮਤਾਂ ਮਨਫ਼ੀ ਹੁੰਦੀਆਂ ਜਾ ਰਹੀਆਂ ਹਨ। ਨੌਜਵਾਨ ਵਰਗ ਨੂੰ ਉਚੇਰੀ ਸਿੱਖਿਆ ਅਤੇ ਰੁਜ਼ਗਾਰ ਪ੍ਰਾਪਤੀ ਦੇ ਖੇਤਰ ਵਿੱਚ ਵੱਡੀਆਂ ਵੰਗਾਰਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਕਾਰਾਤਮਕ ਪਰੰਪਰਕ ਕੀਮਤਾਂ ਤੋਂ ਸੱਖਣੀ ਅਤੇ ਆਪਣੇ ਅਮੀਰ ਵਿਰਸੇ ਤੋਂ ਟੁੱਟ ਰਹੀ ਨਵੀਂ ਪੀੜ੍ਹੀ ਦਿਸ਼ਾਹੀਣ ਤੇ ਨਕਾਰਾਤਮਕ ਸੋਚ ਦੀ ਧਾਰਨੀ ਬਣਦੀ ਜਾ ਰਹੀ ਹੈ। ਮਸ਼ੀਨੀਕਰਨ ਤੋਂ ਪ੍ਰਭਾਵਿਤ ਅਜੋਕੀ ਜੀਵਨ ਸ਼ੈਲੀ ਨੇ ਰਚਨਾਤਮਕ, ਸਿਰਜਣਾਤਮਕ ਤੇ ਬੌਧਿਕ ਪੱਖੋਂ ਨੌਜਵਾਨ ਵਰਗ ਨੂੰ ਊਣਾ ਕਰ ਦਿੱਤਾ ਹੈ। ਸਿੱਖਿਆ ਸੰਸਥਾਵਾਂ ਨੂੰ ਦੂਰਅੰਦੇਸ਼ੀ ਅਤੇ ਭਵਿੱਖਮੁਖੀ ਯੋਜਨਾਵਾਂ ਬਣਾਉਣ ਦੀ ਸਖ਼ਤ ਜ਼ਰੂਰਤ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ, ਹੁਨਰ, ਕਲਾ, ਪ੍ਰਤਿਭਾ ਨੂੰ ਨਿਖਾਰਨ, ਸਿੱਖੀ ਸਿਧਾਂਤਾਂ, ਸਿੱਖ ਇਤਿਹਾਸ, ਗੁਰਮਤਿ ਜੀਵਨ-ਜਾਚ ਨਾਲ ਜੋੜਨ ਦੇ ਪੁਰਜ਼ੋਰ ਯਤਨ ਕੀਤੇ ਜਾਂਦੇ ਹਨ। ਰੁਜ਼ਗਾਰ ਪ੍ਰਾਪਤੀ ਲਈ ਮੌਕੇ ਪ੍ਰਦਾਨ ਕਰਨ ਹਿੱਤ ਸਾਰਥਕ ਉਪਰਾਲੇ ਕੀਤੇ ਜਾਂਦੇ ਹਨ। ਗਿਆਨੁ ਪ੍ਰਚੰਡੁ ਪ੍ਰਸ਼ਨੋਤਰੀ ਮੁਕਾਬਲਾ, ਗੁਰਮਤਿ ਕੈਂਪ, ਗੁਰਮਤਿ ਸਮਾਗਮ, ਪ੍ਰਦਰਸ਼ਨੀਆਂ, ਸ਼ਖ਼ਸੀਅਤ ਉਸਾਰੀ ਦੀ ਸਿਖਲਾਈ ਲਈ ਵਰਕਸ਼ਾਪ, ਵਰਨੈਕੁਲਰ ਬ੍ਰਿਜ ਕੋਰਸ ਅਤੇ ਕੇਂਦਰੀ ਪੱਧਰ ਉੱਤੇ ਵਿਸ਼ਾਲ ਰੁਜ਼ਗਾਰ ਮੇਲਾ ਆਦਿ ਗਤੀਵਿਧੀਆਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ।

ਮੈਨੂੰ ਪੂਰਨ ਵਿਸ਼ਵਾਸ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਵੱਲੋਂ ਜਿਸ ਪ੍ਰਕਾਰ ਵਰਤਮਾਨ ਸਮੇਂ ਸਿੱਖਿਆ ਦੇ ਖੇਤਰ ਵਿੱਚ ਵਿਸ਼ਵ ਪੱਧਰ ਉੱਤੇ ਨਿਆਰੀ ਪਹਿਚਾਣ ਬਣਾਈ ਗਈ ਹੈ ਉਸ ਪ੍ਰਕਾਰ ਹੀ ਦਰਪੇਸ਼ ਚੁਣੌਤੀਆਂ ਦੇ ਸੰਭਾਵੀ ਹੱਲ ਕੱਢਣ ਲਈ ਵੀ ਸੰਸਥਾਵਾਂ ਵੱਲੋਂ ਸੁਹਿਰਦ ਯਤਨ ਜਾਰੀ ਰਹਿਣਗੇ।

ਇਹਨਾਂ ਵਿੱਦਿਅਕ ਸੰਸਥਾਵਾਂ ਦਾ ਮਨੋਰਥ ਵਿਦਿਆਰਥੀਆਂ ਨੂੰ ਪਰੰਪਰਾਗਤ ਢੰਗਾਂ ਅਤੇ ਅਤਿ-ਆਧੁਨਿਕ ਤਕਨਾਲੋਜੀ ਦੀਆਂ ਤਕਨੀਕਾਂ ਦੇ ਪ੍ਰਯੋਗ ਰਾਹੀਂ ਨਵੇਂ ਗਿਆਨ ਨਾਲ ਸਿੱਖਿਅਤ ਕਰਨਾ, ਕਿੱਤਾਮੁਖੀ ਸਿੱਖਿਆ ਰਾਹੀਂ ਰੁਜ਼ਗਾਰ ਪ੍ਰਾਪਤੀ ਦੇ ਯੋਗ ਬਣਾਉਣਾ, ਖ਼ਾਲਸਾਈ ਵਿਰਾਸਤ ਦੇ ਵਾਰਿਸ, ਸਿੱਖ-ਸਿਧਾਂਤ ਦੇ ਧਾਰਨੀ, ਉੱਚ ਚਰਿੱਤਰ ਦੇ ਮਾਲਕ, ਸਰਬੱਤ ਦੇ ਭਲੇ ਦੀ ਸੋਚ ਦੇ ਧਾਰਨੀ ਤੇ ਸਮਾਜ ਨੂੰ ਸੇਧ ਦੇਣ ਵਾਲੇ ਨੌਜਵਾਨ ਵਰਗ ਦਾ ਨਿਰਮਾਣ ਕਰਨਾ ਹੈ।

ਮੈਂ ਸੰਸਥਾ ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਦਾ ਨਿੱਘਾ ਸੁਆਗਤ ਕਰਦਾ ਹਾਂ ਅਤੇ ਇਹ ਵਿਸ਼ਵਾਸ ਦਿਵਾਉਂਦਾ ਹਾਂ ਕਿ ਇਹ ਸੰਸਥਾ ਤੁਹਾਡੇ ਸੁਪਨਿਆਂ ਦੀ ਪੂਰਤੀ ਲਈ ਤੇ ਨਿਰਧਾਰਿਤ ਟੀਚਿਆਂ ਦੀ ਪ੍ਰਾਪਤੀ ਕਰਨ ਵਿੱਚ ਜ਼ਰੂਰ ਮਦਦਗਾਰ ਸਿੱਧ ਹੋਵੇਗੀ।

*ਸ਼ੁਭ ਕਾਮਨਾਵਾਂ ਸਹਿਤ,*

ਸ਼ੁਭਚਿੰਤਕ,


**ਇੰਜ. ਸੁਖਮਿੰਦਰ ਸਿੰਘ**
ਸਕੱਤਰ/ਡਾਇਰੈਕਟਰ (ਵਿੱਦਿਆ),
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਸਾਹਿਬ।



# ਪ੍ਰਿੰਸੀਪਲ ਦੀ ਕਲਮ ਤੋਂ....

**ਪਿਆਰੇ ਵਿਦਿਆਰਥੀਓ,**

**ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥**

ਕਾਲਜ ਦੇ ਵਿਹੜੇ ਵਿੱਚ ਤੁਹਾਡੀ ਆਮਦ ਤੇ ਕਾਲਜ ਤੁਹਾਨੂੰ ਖੁਸ਼-ਆਮਦੀਦ ਆਖਦਾ ਹੋਇਆ ਤੁਹਾਡਾ ਸਵਾਗਤ ਕਰਦਾ ਹੈ। ਤੁਸੀਂ ਜਿਸ ਕਾਲਜ ਵਿੱਚ ਦਾਖਲਾ ਲੈ ਰਹੇ ਹੋ ਇਹ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ, ਸ੍ਰੀ ਗੁਰੂ ਹਰਗੋਬਿੰਦ ਸਾਹਿਬ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਮਾਤਾ ਗੁਜਰੀ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਨਗਰੀ ਕਰਤਾਰਪੁਰ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੁਆਰਾ ਸਥਾਪਿਤ ਕੀਤਾ ਗਿਆ ਹੈ। 2014-15 ਤੋਂ ਪਹਿਲਾ ਵਿੱਦਿਅਕ ਸੈਸ਼ਨ ਆਰੰਭ ਹੋਇਆ। ਇਸ ਕਾਲਜ ਨੇ ਆਪਣੇ ਗਿਆਰਾਂ ਵਿੱਦਿਅਕ ਵਰ੍ਹਿਆਂ ਵਿੱਚ ਵੱਡੀਆਂ ਪੁਲਾਂਘਾਂ ਪੁੱਟਦੇ ਹੋਏ ਮਾਨਯੋਗ ਪ੍ਰਾਪਤੀਆਂ ਕੀਤੀਆਂ ਹਨ।

ਸਾਡਾ ਕਾਲਜ, ਜੋ ਕਿ ਮਹਾਨ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਨਾਲ ਜੁੜਿਆ ਹੋਇਆ ਹੈ, ਵਿਦਿਆਰਥੀਆਂ ਨੂੰ ਆਧੁਨਿਕ ਅਤੇ ਪਾਰੰਪਰਿਕ ਦੋਹਾਂ ਤਰੀਕਿਆਂ ਨਾਲ ਗੁਣਵੱਤਾ ਭਰਪੂਰ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਸਾਡਾ ਵਿਸ਼ਵਾਸ ਹੈ ਕਿ ਸਿੱਖਿਆ ਸਿਰਫ ਅਕਾਦਮਿਕ ਗਿਆਨ ਤੱਕ ਹੀ ਸੀਮਤ ਨਹੀਂ ਰਹਿ ਜਾਂਦੀ, ਬਲਕਿ ਇਹ ਵਿਅਕਤੀ ਦੇ ਚਰਿੱਤਰ ਨਿਰਮਾਣ, ਅਗਵਾਈ ਕਰਨ ਦੀ ਸਮਰੱਥਾ ਅਤੇ ਸਮਾਜਿਕ ਜ਼ਿੰਮੇਵਾਰੀ ਨੂੰ ਵੀ ਉਭਾਰਦੀ ਹੈ। ਮਾਤਾ ਗੁਜਰੀ ਜੀ ਦੇ ਆਦਰਸ਼ਾਂ ਤੋਂ ਪ੍ਰੇਰਿਤ ਹੋ ਕੇ, ਅਸੀਂ ਵਿਦਿਆਰਥੀਆਂ ਨੂੰ ਆਤਮ-ਨਿਰਭਰਤਾ, ਇਮਾਨਦਾਰੀ, ਸੇਵਾ ਅਤੇ ਸਮਰਪਣ ਦੀ ਭਾਵਨਾ ਨਾਲ ਸੰਸਕਾਰਿਤ ਕਰ ਰਹੇ ਹਾਂ। ਇਸੇ ਸੋਚ ਨੂੰ ਮੁੱਖ ਰੱਖਦੇ ਹੋਏ ਵਿੱਦਿਆ ਦੇ ਖੇਤਰ ਵਿੱਚ ਨਵੀਆਂ ਪੁਲਾਘਾਂ ਸਰ ਕਰਨ ਵਾਲੀ ਮਾਤਾ ਗੁਜਰੀ ਖਾਲਸਾ ਕਾਲਜ, ਕਰਤਾਰਪੁਰ ਇਕ ਅਜਿਹੀ ਸੰਸਥਾ ਹੈ। ਇਸ ਸੰਸਥਾ ਵਿੱਚ 10+1 ਅਤੇ 10+2 (ਸਾਇੰਸ, ਕਾਮਰਸ ਅਤੇ ਆਰਟਸ), ਬੀ.ਏ., ਬੀ.ਕਾਮ, ਬੀ.ਸੀ.ਏ., ਬੀ.ਐਸ.ਸੀ. (ਨਾਨ ਮੈਡੀਕਲ), ਸਰਟੀਫਿਕੇਟ ਇਨ ਕੰਪਿਊਟਰ ਐਪਲੀਕੇਸ਼ਨਜ਼ ਅਤੇ ਪੀ.ਜੀ.ਡੀ.ਸੀ.ਏ. ਦੀ ਪੜ੍ਹਾਈ ਕਰਵਾਈ ਜਾ ਰਹੀ ਹੈ।

ਸਾਡੇ ਕਾਲਜ ਵਿੱਚ ਵਿੱਦਿਅਕ ਗਤਿਵਿਧੀਆਂ ਦੇ ਨਾਲ-ਨਾਲ ਸਭਿਆਚਾਰਕ, ਖੇਡਾਂ, ਰਾਸ਼ਟਰੀ ਸੇਵਾ ਯੋਜਨਾ (NSS), ਰਾਸ਼ਟਰੀ ਕੈਡੇਟ ਕੋਰ (NCC), ਅਤੇ ਵੱਖ-ਵੱਖ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਸਾਡਾ ਤਜਰਬੇਕਾਰ ਅਤੇ ਸਮਰਪਿਤ ਸਟਾਫ ਵਿਦਿਆਰਥੀਆਂ ਦੇ ਚਮਕਦੇ ਭਵਿੱਖ ਲਈ ਹਮੇਸ਼ਾ ਤਤਪਰ ਹੈ। ਅਸੀਂ ਨਵੀਂ ਟੈਕਨੋਲੋਜੀ ਅਤੇ ਨਵੀਨਤਮ ਸਿੱਖਣ ਪ੍ਰਾਪਤੀਆਂ ਅਪਣਾਉਂਦੇ ਹੋਏ ਵਿਦਿਆਰਥੀਆਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮੁਕਾਬਲੇਯੋਗ ਬਣਾਉਣ ਲਈ ਯਤਨਸ਼ੀਲ ਹਾਂ।

ਸਾਡਾ ਉਦੇਸ਼ ਹੈ ਕਿ ਵਿਦਿਆਰਥੀ ਨਾ ਸਿਰਫ ਆਪਣੀ ਵਿਅਕਤੀਗਤ ਕਾਬਲੀਅਤ ਨੂੰ ਵਿਕਸਤ ਕਰਨ, ਸਗੋਂ ਆਪਣੇ ਪਰਿਵਾਰ, ਕੌਮ ਅਤੇ ਦੇਸ਼ ਦੀ ਭਲਾਈ ਲਈ ਵੀ ਯੋਗਦਾਨ ਪਾਉਣ ਵਿੱਚ ਸਮਰੱਥ ਹੋ ਸਕਣ।

*ਧੰਨਵਾਦ।*

**ਡਾ. ਗੁਰਪ੍ਰੀਤ ਸਿੰਘ ਉੱਪਲ**
ਪ੍ਰਿੰਸੀਪਲ

# ਮਾਤਾ ਗੁਜਰੀ ਖ਼ਾਲਸਾ ਕਾਲਜ

## ਕਰਤਾਰਪੁਰ (ਜਲੰਧਰ)

ਮਾਤਾ ਗੁਜਰੀ ਖ਼ਾਲਸਾ ਕਾਲਜ, ਕਰਤਾਰਪੁਰ ਦੀ ਸਥਾਪਨਾ 2014 ਵਿੱਚ ਕਰਤਾਰਪੁਰ ਤੋਂ ਕਿਸ਼ਨਗੜ੍ਹ ਰੋਡ ਉੱਪਰ ਕੀਤੀ ਗਈ ਹੈ। ਕਰਤਾਰਪੁਰ ਸ਼ਹਿਰ ਧਾਰਮਿਕ ਅਤੇ ਇਤਿਹਾਸਕ ਦ੍ਰਿਸ਼ਟੀ ਤੋਂ ਆਪਣੀ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਇਸ ਸ਼ਹਿਰ ਨੂੰ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਸਾਇਆ। ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਨੇ ਇਸ ਧਰਤੀ 'ਤੇ ਚੌਥੀ ਜੰਗ ਲੜੀ ਅਤੇ ਜਿੱਤ ਪ੍ਰਾਪਤ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵਿਆਹ ਇਸ ਪਾਵਨ ਧਰਤੀ ਉੱਪਰ ਹੋਇਆ। ਇਸੇ ਧਰਤੀ 'ਤੇ ਲਗਭਗ ਤੇਰ੍ਹਾਂ ਇਤਿਹਾਸਿਕ ਗੁਰ-ਅਸਥਾਨ ਹਨ। ਇਸ ਸ਼ਹਿਰ ਦੀ ਇਤਿਹਾਸਕ ਅਤੇ ਧਾਰਮਿਕ ਮਹੱਤਤਾ ਨੂੰ ਸਮਝਦਿਆਂ 2009 ਵਿੱਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਉਸ ਸਮੇਂ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਸ ਕਾਲਜ ਦਾ ਨੀਂਹ ਪੱਥਰ ਰੱਖਿਆ। ਸੈਸ਼ਨ 2014-15 ਤੋਂ ਕਲਾਸਾਂ ਲਗਾਈਆਂ ਜਾ ਰਹੀਆਂ ਹਨ। ਇਹ ਕਾਲਜ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਮਾਨਤਾ ਪ੍ਰਾਪਤ ਹੈ। ਇਸ ਸਮੇਂ ਇਸ ਸੰਸਥਾ ਦੀ ਅਗਵਾਈ ਸ. ਹਰਜਿੰਦਰ ਸਿੰਘ ਜੀ ਧਾਮੀ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਕਰ ਰਹੇ ਹਨ, ਆਪ ਐਡਵੋਕੇਟ ਅਤੇ ਸਿੱਖ ਇਤਿਹਾਸ ਦੇ ਬਹੁਤ ਵੱਡੇ ਵਿਦਵਾਨ ਹਨ ਤੇ ਸਿੱਖਿਆ ਦੀਆਂ ਲੋੜਾਂ ਨੂੰ ਬਾਖ਼ੂਬੀ ਸਮਝਦੇ ਹਨ। ਕਾਲਜ ਦੀ ਇਮਾਰਤ ਅੱਜ ਸਲਾਹੁਣਯੋਗ ਇਮਾਰਤ ਦਾ ਰੂਪ ਧਾਰ ਚੁੱਕੀ ਹੈ। ਵਿਸ਼ਾਲ ਅਤੇ ਹਵਾਦਾਰ ਕਮਰਿਆਂ ਤੋਂ ਇਲਾਵਾ ਵਿਸ਼ਾਲ ਲਾਇਬ੍ਰੇਰੀ, ਸਮਾਰਟ ਕਲਾਸਰੂਮ, ਅਤਿ-ਆਧੁਨਿਕ ਕੰਪਿਊਟਰ, ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਪ੍ਰਯੋਗਸ਼ਾਲਾਵਾਂ, ਹਰੇ ਭਰੇ ਲਾਅਨ, ਖੇਡ ਦੇ ਮੈਦਾਨ ਅਤੇ ਕੰਟੀਨ ਕਾਲਜ ਦੀ ਇਮਾਰਤ ਦੀ ਸ਼ਾਨ ਵਿੱਚ ਹੋਰ ਵਾਧਾ ਕਰਦੇ ਹਨ। ਲੜਕੀਆਂ ਅਤੇ ਲੜਕਿਆਂ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ ਹੈ, ਇਸ ਤੋਂ ਇਲਾਵਾ ਸਾਇਕਲ ਸਟੈਂਡ, ਪੀਣ ਵਾਲੇ ਪਾਣੀ ਲਈ R.O. System ਦਾ ਪ੍ਰਬੰਧ ਬੱਚਿਆਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਕੀਤਾ ਗਿਆ ਹੈ। ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਪੜ੍ਹਾਈ ਦੇ ਨਾਲ - ਨਾਲ ਖੇਡਾਂ ਅਤੇ ਸਭਿਆਚਾਰਕ ਸਰਗਰਮੀਆਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਮਹਾਨ ਇਤਿਹਾਸਕ ਵਿਰਸੇ ਦੀ ਪ੍ਰੇਰਨਾ, ਉੱਚ ਸ਼ਖ਼ਸੀਅਤਾਂ ਦੀ ਸੁਚੱਜੀ ਅਗਵਾਈ, ਇਲਾਕੇ ਦੇ ਪਤਵੰਤੇ ਸੱਜਣਾਂ, ਸੂਝਵਾਨ ਅਧਿਆਪਕਾਂ, ਮਿਹਨਤੀ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੇ ਪੂਰਨ ਸਹਿਯੋਗ ਸਦਕਾ ਇਹ ਕਾਲਜ ਹਰ ਖੇਤਰ ਵਿੱਚ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ ਅਤੇ ਆਸ ਹੈ ਕਿ ਆਉਣ ਵਾਲੇ ਭਵਿੱਖ ਵਿੱਚ ਇਸ ਸ਼ਹਿਰ ਦੇ ਗੌਰਵਮਈ ਇਤਿਹਾਸ ਵਿੱਚ ਹੋਰ ਰੰਗ ਭਰੇਗਾ।



# COLLEGE FACULTY

## ਪ੍ਰਿੰਸੀਪਲ ਡਾ. ਗੁਰਪ੍ਰੀਤ ਸਿੰਘ ਉੱਪਲ *Ph.D. (Political Science), M.Phil., UGC (NET)*

### ਕਾਮਰਸ ਵਿਭਾਗ
1. ਡਾ. ਸੁਚੇਤਾ ਰਾਣੀ M.Com., M.Phil., Ph.D., UGC-NET, PGDCA
2. ਪ੍ਰੋ. ਸੋਨੀਆ M.Com., M.Ed., UGC-NET (Pursuing Ph.D.)
3. ਪ੍ਰੋ. ਸਰਬਜੀਤ ਕੌਰ M.Com., MBA, NET (Pursuing Ph.D.)
4. ਪ੍ਰੋ. ਮਨਿੰਦਰ ਕੌਰ M.Com., B.Ed.

### ਰਾਜਨੀਤੀ ਸ਼ਾਸਤਰ ਵਿਭਾਗ
1. ਪ੍ਰੋ. ਕਮਲੇਸ਼ ਰਾਣੀ M.A., B.Ed., UGC-NET (Pursuing Ph.D.)

### ਇਤਿਹਾਸ ਵਿਭਾਗ
1. ਡਾ. ਕਮਲਜੀਤ ਸਿੰਘ M.A., Ph.D.

### ਪੰਜਾਬੀ ਵਿਭਾਗ
1. ਪ੍ਰੋ. ਸੁਖਵੀਰ ਰੂਬੀ M.A., B.Ed., UGC-NET
2. ਪ੍ਰੋ. ਰਮਨਦੀਪ ਕੌਰ M.A., B.Ed.
3. ਪ੍ਰੋ. ਰਣਜੀਤ ਸਿੰਘ M.A., B.Ed., M.Phil. UGC-NET

### ਅੰਗਰੇਜ਼ੀ ਵਿਭਾਗ
1. ਨਿਯੁਕਤੀ ਅਧੀਨ
2. ਨਿਯੁਕਤੀ ਅਧੀਨ
3. ਨਿਯੁਕਤੀ ਅਧੀਨ

### ਕੰਪਿਊਟਰ ਸਾਇੰਸ ਵਿਭਾਗ
1. ਪ੍ਰੋ. ਜਗਦੀਪ ਕੌਰ M.C.A.
2. ਨਿਯੁਕਤੀ ਅਧੀਨ
3. ਨਿਯੁਕਤੀ ਅਧੀਨ
4. ਨਿਯੁਕਤੀ ਅਧੀਨ

### ਸਰੀਰਕ ਸਿੱਖਿਆ ਵਿਭਾਗ
1. ਪ੍ਰੋ. ਰਾਜਬੀਰ ਸਿੰਘ M.P.Ed.

### ਅਰਥ ਸ਼ਾਸਤਰ ਵਿਭਾਗ
1. ਪ੍ਰੋ. ਰਾਜਵਿੰਦਰ ਕੌਰ M.A. (Pbi & Eco), B.Ed.

### ਸੰਗੀਤ ਵਿਭਾਗ
1. ਡਾ. ਗੁਰਇਕਬਾਲ ਸਿੰਘ M.A., M.Phil. Ph.D.

### ਭੌਤਿਕ ਵਿਗਿਆਨ ਵਿਭਾਗ
1. ਪ੍ਰੋ. ਜਸਪ੍ਰੀਤ ਕੌਰ M.Sc. (Physics), B.Ed.
2. ਨਿਯੁਕਤੀ ਅਧੀਨ

### ਗਣਿਤ ਵਿਭਾਗ
1. ਪ੍ਰੋ. ਨੇਹਾ M.Sc. (Mathematics)
2. ਨਿਯੁਕਤੀ ਅਧੀਨ

### ਰਸਾਇਣ ਵਿਗਿਆਨ ਵਿਭਾਗ
1. ਨਿਯੁਕਤੀ ਅਧੀਨ

### ਜੀਵ ਵਿਗਿਆਨ ਵਿਭਾਗ
1. ਡਾ. ਅੰਮ੍ਰਿਤਾ ਕੁਮਾਰੀ M.Sc. (Zoology). Ph.D.

### ਧਾਰਮਿਕ ਵਿਭਾਗ
1. ਬੀਬੀ ਰਾਜਵਿੰਦਰ ਕੌਰ
ਸਿੱਖ ਮਿਸ਼ਨਰੀ ਡਿਪਲੋਮਾ ਕੋਰਸ, ਐਮ.ਏ. (ਪੰਜਾਬੀ)

## ਨਾਨ-ਟੀਚਿੰਗ ਸਟਾਫ਼

### ਲਾਇਬਰੇਰੀਅਨ
1. ਮਿਸ ਦਲਜੀਤ ਕੌਰ
(B.A., B.Lib., M.A. History)

### ਆਫ਼ਿਸ ਕਲਰਕ
1. ਸ. ਸੁਖਪ੍ਰੀਤ ਸਿੰਘ (ਅਕਾਊਂਟਸ ਕਲਰਕ) B.Com.
2. ਮਿਸਿਜ਼ ਮਮਤਾ ਬੈਂਸ (ਆਫ਼ਿਸ ਅਸਿਸਟੈਂਟ) M.Sc. (IT)
3. ਸ਼੍ਰੀ ਮੁਕੇਸ਼ ਕੁਮਾਰ B.Tech. (Mechanical)
4. ਮਿਸਿਜ਼ ਮਨਪ੍ਰੀਤ ਕੌਰ (ਲੈਬ ਅਟੈਂਡੈਂਟ) (ITI Computer, Sikh Rehat Maryada Course)

## TEACHING STAFF



## NON-TEACHING STAFF



# ADMISSION SCHEDULE
## Session 2025-26

| ਲੜੀ ਨੰ. | ਦਾਖ਼ਲੇ ਦੀਆਂ ਮਿਤੀਆਂ | |
|---|---|---|
| 1. | Under Graduate Semester-I | As per Notification of Punjab Govt. / GNDU, Amritsar |
| 2. | Post Graduate Semester-I | As per Notification of Punjab Govt. / GNDU, Amritsar |

**Note :-** Admission dates for Under Graduate/Post Graduate Classes with Late fees as per University Norms.

# ELIGIBILITY CRITERIA FOR ADMISSION TO VARIOUS COURSES

| Sr. | Course | Eligibility |
|---|---|---|
| 1. | 10+1(Science, Commerce, Arts) | 10th Pass. |
| 2. | 10+2 (Science, Commerce, Arts) | 10+1 Pass. |
| 3. | B.C.A. | 10+2 with atleast 40% marks in aggregate or equivalent examination. |
| 5. | B.Sc. (Non-Medical) | 10+2 in Non-Medical Stream or equivalent with at least 40% marks. |
| 7. | B.Com | 10+2 with atleast 50% marks in aggregate or equivalent examination. |
| 8. | B.A. | 10+2 in any stream or equivalent examination. |
| 10. | P.G.D.C.A. | Graduation in any stream or equivalent with at least 45% marks. |
| 11. | Certificate in Computer Applications | 10+2 pass in any stream or equivalent with at least 40% marks. |

**Note:-** 1. The Candidates having compartment in 10+2 examination will be allowed to appear provisionally in the first semester of bachelor level course being offered in college subject to the conditions that it will be mandatory for them to pass 10+2 compartment examination paper in which candidate got the compartment till 31st January (of the first year). So that they could be issued roll numbers after verifications of their eligibility, other wise their admission shall stand cancelled.

2. It is compulsory for the students to submit their migration certificate within 15 days of Admission. Otherwise, Fine will be imposed as per University Norms
3. It case of change in eligibility conditions to any course by GNDU, Amritsar then it will be applicable as per GNDU norms.

### Conditions for Promotion to Next Semester in Courses having Six Semesters

1. There shall be no condition for promoting a student from 1st semester to 2nd semester.
2. However the student shall be promoted to 3rd Semester only if he/she has passed at least 50% courses/papers of first two semesters.
3. There shall be no condition for promoting student from 3rd semester to 4th semester.
4. The student shall be promoted to 5th semester only if he/she has passed at least 50% courses/papers of first four semesters.
5. There shall be no condition for promoting a student from 5th semester to 6th semester.
6. After a period of six semesters the student shall be given a period of two consecutive years /as per University norms to pass the course.

### Conditions for Promotion to Next Semester in Course having Two Semesters

1. There shall be no condition for promoting a student from first semester to second semester.

# PROGRAMME OF STUDY

## BCA

**Total Seats 60**

### Semester-I
1. Computer Fundamentals & PC Software
2. Introduction To Programming Using Python
3. Applied & Discrete Mathematics
4. Introduction To Internet
5. Communication Skills In English
6. Punjabi Compulsory-I/Mudhli Punjabi-I/Punjab History & Culture (From Earliest Times To C320)
7. Lab 1 Based On Computer Fundamantal & PC Software
8. Lab 2 Based On Introduction To Internet
9. Lab Based on Introduction To Programming Using Python

### Semester-II
1. Principle Of Digital Electronics
2. Computer Architecture
3. Numerical Methods & Statistical Techniques
4. Drugs Abuse: Problem, Management And Preventation
5. Communication Skills In English -II
6. Punjabi Compulsory-II/ Mudhli Punjabi-II/ Punjab History & Culture (From C 320 To 1000 Ad)
7. Communication Skills In English -II (Practical)


### Semester-III
1. Introduction To C Programming
2. Data Structure & File Processing
3. Operating System
4. Cyber Security Fundamental Theory
5. Lab1 Based On Introduction To C Programming
6. Lab2 Based On Data Structure And File Processing
7. Lab3 Based On Cyber Security
8. Information System
9. Internship

### Semester-IV
1. Introduction To C++ Programming
2. Database Management Systems
3. Computer Network
4. Lab 1 Based On Introduction To C++ Programming
5. Lab 2 Based On Database Management System
6. Security in Computing
7. Human Rights And Constitutional Duties
8. Compiler Design

### Semester-V
1. Software Engineering
2. Web Technologies
3. Operating System
4. Java Programming Language
5. Lab 1 Based On Java Programming Language
6. Lab 2 Based On Website Designing Using Html, Java Script And PHP

### Semester-VI
1. Computer Graphics
2. Computer Networks
3. Lab Implementation Of Applications Of Computer Graphics In C/C++
4. Project

## ਅਤਿ-ਆਧੁਨਿਕ ਉਪਕਰਨਾਂ ਨਾਲ ਲੈਸ ਸਮਾਰਟ ਰੂਮ, ਕੰਪਿਊਟਰ ਅਤੇ ਸਾਇੰਸ ਲੈਬਜ਼



# PROGRAMME OF STUDY

## B.Sc. (Non-Medical)

**All Semesters**

1. English (Compulsory)
2. Punjabi (Compulsory) / Basic Punjabi / Punjab History & Culture
3. Mathematics
4. Chemistry
5. Physics

**Note :-** In addition, students of B.Sc. have to qualify Drug Abuse paper in semester I and Environmental studies in semester III.

## B.A.

**Compulsory Subjects : Two**

1. (English Compulsory)
2. Punjabi (Compulsory)/Basic Punjabi (ਮੁੱਢਲੀ ਪੰਜਾਬੀ)/Punjab History & Culture

**Elective Subjects: Three**

(A candidate will select three subjects, not more than one subject from any of the following sets of combinations).

**Subject Groups :**

1. Elective English/Elective Punjabi
2. Economics
3. History/Mathematics
4. Political Science
5. Physical Education / Computer Science
6. Music Vocal

**Note :-**

1. Subject combination opted in first semester will remain same in successive semesters.
2. In addition, students of B.A. have to qualify Drug Abuse paper in semester I and Environmental studies in semester III
3. Students who have not studied Math in 12th cannot opt for Math Subject in B.A.
4. In case of opting Mudla Gyan/History and culture of Punjab as a compulsory subject, then they can't opt Punjabi Elective.

**Special Note: In Addition Students have to opt for one Skill Enhancement Course as per University Norms in Semester II, IV, and VI respectively.**

## ਸਾਇੰਸ ਵਿਭਾਗ ਦੁਆਰਾ ਕਰਵਾਈਆਂ ਗਈਆਂ ਵੱਖ ਵੱਖ ਗਤੀਵਿਧੀਆਂ




## ਅੰਗਰੇਜ਼ੀ ਵਿਭਾਗ ਦੁਆਰਾ ਕਰਵਾਈਆਂ ਗਈਆਂ ਵੱਖ-ਵੱਖ ਗਤੀਵਿਧੀਆਂ



# PROGRAMME OF STUDY

## B.Com

**Total Seats 75**

### Semester-I

1. **MDC:-** Appreciating English Literature 1
2. **Compulsory Course:-** Punjabi(Compulsory)/ ਪੰਜਾਬੀ ਲਾਜ਼ਮੀ 1/ਮੁੱਢਲੀ ਪੰਜਾਬੀ 1
   - Punjab History And Culture (From Earliest Times To C 320)
   - Special Paper In Lieu Of Punjabi Compulsory.
3. **DSC**
   - Financial Accounting
   - Business Organisation
   - Business Statistics
4. **SEC:-** Computer Applications in Business (Theory & practical)

### Semester-II

1. **Ability Enhancement Course:-** English Language Skills-1
2. **Compulsory Course:-** Punjabi Compulsory/ ਪੰਜਾਬੀ ਲਾਜ਼ਮੀ 2 /ਮੁੱਢਲੀ ਪੰਜਾਬੀ 2 - Punjab History And Culture (C. 320 To 1000 AD) (Special Paper is in Lieu of Punjabi Compulsory)
3. **Discipline Specific Course**
   - Advanced Financial Accounting
   - Commercial Law
   - Business Economics
4. **Value Added Course:-** Drug Abuse : Problems, Management And Prevention

### Semester -III

1. **MDC:-** Appreciating English Literature-2
2. **Compulsory Course:-** Punjabi Compulsory -3/ ਪੰਜਾਬੀ ਲਾਜ਼ਮੀ-3 / ਮੁੱਢਲੀ ਪੰਜਾਬੀ
   - Punjab History And Culture (From 1000 To 1605 AD)
3. **Discipline-Specific Course**
   - Corporate Accounting
   - Company Law
   - Functional Management
4. **SEC:-** Computer Based Accounting (Theory & Practical)

### Semester -IV

1. **Ability Enhancement Course:-** English Language Skills 2
2. **Compulsory Course:-** Punjabi Compulsory 4 / ਮੁੱਢਲੀ ਪੰਜਾਬੀ 4
   - Punjab History And Culture (From 1605 To 1849 AD)
3. **Discipline Specific Course**
   - Goods And Services Tax
   - Principles And Practices Of Auditing
   - Cost Accounting
4. **Value Added Course:-** Environmental Studies

### Semester V

1. English (Compulsory)
2. Punjabi (Compulsory)/Basic Punjabi/Punjab History & Culture
3. Management Accounting
4. Direct Tax Law
5. Auditing
6. Specialisation Course (Accounting & Finance)

**Course 1** : Contemporary Accounting
**Course 2:** Financial Market Operations

### Semester VI

1. English (Compulsory)
2. Punjabi (Compulsory)/Basic Punjabi/Punjab History & Culture
3. Operations Research
4. Corporate Governance
5. Workshop
6. Specialisation Course (Accounting & Finance)

**Course 1** : Portfolio Management
**Course 2:** Financial Services

**Special Note:** After 4th semester , every student is required to undergo 4 to 6 weeks Summer Training.

**ਕਾਮਰਸ ਅਤੇ ਇਕਨਾਮਿਕਸ ਵਿਭਾਗ ਦੁਆਰਾ CIHT-MSME ਜਲੰਧਰ ਦੇ ਸਹਿਯੋਗ ਨਾਲ ਕਰਵਾਏ ਗਏ ਇੱਕ ਦਿਨ ਦੇ ਐਂਟਰਪਰਨਿਊਸ਼ਿਪ ਅਵੇਅਰਨੈੱਸ ਸ਼ੋਰਟ ਟਰਮ ਕੋਰਸ ਦੀਆਂ ਝਲਕਾਂ**



# PROGRAMME OF STUDY

## PG Diploma in Computer Applications (CBGS)

**Total Seats 40**

**Semester-I**

1. PCA01001T PC Computing-I (MS Office) 2003 (Theory)
2. PCA01002L PC Computing-I (MS Office) 2003 (Practical)
3. PCA01003T PC Computing-II (Professional DTP) (Theory)
4. PCA01004L PC Computing-II (Professional DTP) (Practical)
5. PCA01005T Fundamentals of Computer & Operating Systems (Theory)
6. PCA01006L Fundamentals of Computer & Operating Systems (Practical)
7. PCA01007T Database Management System through Oracle-10g & System Analysis & Design (Theory)
8. PCA01007T Database Management System through Oracle-10g & System Analysis & Design (Practical)

**Semester-II**

1. PCA02001T Network Concepts and Management (Hardware, Software, setting in LINUX/UNIX/NT environment (Theory)
2. PCA02002L Network Concepts and Management (Hardware, Software, setting in LINUX/UNIX/NT environment (Practical)
3. PCA02003T Programming in C (Theory)
4. PCA02004L Programming in C (Practical)
5. PCA02005T Introduction to Scripting Languages, Web Designing & Uses of Internet (Theory)
6. PCA02006L Introduction to Scripting Languages, Web Designing & 2 0 2 Uses of Internet (Practical)
7. PCA02009T e-Commerce / Business (Theory) 50
8. PCA02010L e-Commerce / Business (Practical)

## Certificate in Computer Applications (FullTime) (CBGS)

**Total Seats 50**

**Semester-I**

1. DCA01001T Information Technology and Operating System (Theory)
2. DCA01002L Information Technology and Operating System(Practical)
3. DCA01003T PC Computing–I (Theory)
4. DCA01004L PC Computing–I (Practical)

**Semester-II**

1. DCA02001T Database Management System (Theory)
2. DCA02002L Database Management System (Practical)
3. DCA02003T PC Computing–II (Theory)
4. DCA02004L PC Computing–II (Practical)

## ਕਾਲਜ ਵਿਖੇ ਕੰਪਿਊਟਰ ਸਾਇੰਸ ਵਿਭਾਗ ਦੁਆਰਾ ਕਰਵਾਈਆਂ ਗਈਆਂ ਵੱਖ-ਵੱਖ ਗਤੀਵਿਧੀਆਂ ਦੀਆਂ ਝਲਕਾਂ



# PROGRAMME OF STUDY

## Papers of the Course for 10+1 and 10+2 Classes

### Compulsory Subjects for all Groups

1. General English
2. General Punjabi / History & Culture of Punjab
3. Computer Science
4. Environmental Education

### Elective Subjects for Humanities Group (10+1 and 10+2)

1. Elective Punjabi / Elective English
2. Maths / History
3. Economics / Music Vocal
4. Political Science
5. Physical Education / Computer Applications

### Science Group (10+1 and 10+2)

1. Chemistry
2. Biology / Mathematics
3, Physics

### Commerce Group (10+1)

1. Business Studies-I
2. Accountancy-I
3. Economics / Modern Office Practices

### Commerce Group (10+2)

1. Business Studies-II
2. Accountancy-II
3. Economics / Fundamental of E-business

**ਵਿਸ਼ੇਸ਼ ਨੋਟ :-** ਕੋਈ ਉਮੀਦਵਾਰ, ਜਿਸ ਦਾ ਮੈਟ੍ਰਿਕੁਲੇਸ਼ਨ ਨਤੀਜਾ ਬੋਰਡ ਵੱਲੋਂ ਲੇਟ ਐਲਾਨ ਕੀਤਾ ਗਿਆ ਹੋਵੇ, ਉਹ ਆਪਣੇ ਨਤੀਜੇ ਦਾ ਐਲਾਨ ਕੀਤੇ ਜਾਣ ਪਿੱਛੋਂ 15 ਦਿਨਾਂ ਦੇ ਅੰਦਰ ਲੇਟ ਫ਼ੀਸ ਤੋਂ ਬਿਨਾਂ ਦਾਖ਼ਲਾ ਲੈ ਸਕੇਗਾ ਅਤੇ ਉਸ ਉਮੀਦਵਾਰ ਦੀਆਂ ਹਾਜ਼ਰੀਆਂ ਉਸ ਦੇ ਸੰਸਥਾ ਵਿੱਚ ਦਾਖ਼ਲ ਹੋਣ ਦੀ ਤਰੀਕ ਤੋਂ ਗਿਣੀਆਂ ਜਾਣਗੀਆਂ।

## ਕਾਲਜ ਵਿਖੇ ਕਰਵਾਈ ਗਈ ਵਿਦਾਇਗੀ ਪਾਰਟੀ ਦੀਆਂ ਯਾਦਗਾਰੀ ਤਸਵੀਰਾਂ







# 10+1 ਅਤੇ 10+2 (ਸਾਇੰਸ, ਕਾਮਰਸ ਅਤੇ ਆਰਟਸ) ਲਈ
# ਦਾਖ਼ਲਾ ਨਿਯਮ

ਨੋਟ :-10+1 (ਸਾਇੰਸ, ਕਾਮਰਸ ਅਤੇ ਆਰਟਸ) ਵਿੱਚ ਦਾਖ਼ਲੇ ਲਈ ਦਸਵੀਂ ਦਾ ਨਤੀਜਾ ਆਉਣ ਦੀ ਉਡੀਕ ਨਾ ਕੀਤੀ ਜਾਵੇ ਅਤੇ ਦਾਖ਼ਲਾ, ਦਾਖ਼ਲਾ ਸ਼ਡਿਊਲ ਅਨੁਸਾਰ ਆਰਜ਼ੀ ਤੌਰ 'ਤੇ ਲੈ ਲਿਆ ਜਾਵੇ।

## 10+1 (ਸਾਇੰਸ, ਕਾਮਰਸ ਅਤੇ ਆਰਟਸ) ਵਿੱਚ ਦਾਖ਼ਲੇ ਲਈ ਯੋਗਤਾ ਅਤੇ ਸ਼ਰਤਾਂ:

**ਨਿਮਨ ਲਿਖਤ ਅਨੁਸਾਰ ਵਿਦਿਆਰਥੀ 10+1 ਸ਼੍ਰੇਣੀ ਵਿੱਚ ਦਾਖ਼ਲ ਹੋਣ ਦੇ ਯੋਗ ਹਨ :**

1. ਜਿਸ ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੈਟ੍ਰਿਕ ਪ੍ਰੀਖਿਆ ਪਾਸ ਕੀਤੀ ਹੋਵੇ ਜਾਂ ਕਿਸੇ ਦੂਸਰੇ ਬੋਰਡ ਤੋਂ ਇਸ ਦੇ ਬਰਾਬਰ ਦੀ ਪ੍ਰੀਖਿਆ ਪਾਸ ਕੀਤੀ ਹੋਵੇ, ਜਿਸ ਦੀ ਸਮਾਨਤਾ ਬੋਰਡ ਪ੍ਰਵਾਨ ਕਰਦਾ ਹੋਵੇ।
2. ਜਿਨ੍ਹਾਂ ਵਿਦਿਆਰਥੀਆਂ ਦੀ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਬੋਰਡ ਦੇ ਤੁਲ ਕਿਸੇ ਹੋਰ ਬੋਰਡ ਵੱਲੋਂ ਲਈ ਗਈ ਮੈਟ੍ਰਿਕ ਦੀ ਪ੍ਰੀਖਿਆ ਵਿੱਚ ਕੰਪਾਰਟਮੈਂਟ/ਰੀ-ਅਪੀਅਰ ਆਈ ਹੋਵੇ, ਉਹ ਵਿਦਿਆਰਥੀ 10+1 ਵਿੱਚ ਆਰਜ਼ੀ ਦਾਖ਼ਲੇ ਲਈ ਯੋਗ ਹਨ।
3. ਕਿਸੇ ਵੀ ਬੋਰਡ/ਸਮੂਹ ਨੈਸ਼ਨਲ ਓਪਨ ਸਕੂਲ, ਜਿਸ ਦੀ ਦਸਵੀਂ ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਦੀ ਪ੍ਰੀਖਿਆ ਦੇ ਬਰਾਬਰ ਮੰਨੀ ਜਾਂਦੀ ਹੋਵੇ, ਦੇ ਕੰਪਾਰਟਮੈਂਟ/ਰੀ-ਅਪੀਅਰ ਵਿਦਿਆਰਥੀ ਰਾਜ ਦੇ ਸਰਕਾਰੀ/ਏਡਿਡ/ਐਫ਼ੀਲੀਏਟਿਡ/ਐਸੋਸੀਏਟਿਡ ਸਕੂਲਾਂ ਵਿੱਚ 10+1 ਸ਼੍ਰੇਣੀ ਵਿੱਚ ਰੈਗੂਲਰ ਵਿਦਿਆਰਥੀ ਵਜੋਂ ਦਾਖ਼ਲੇ ਲਈ ਯੋਗ ਹਨ, ਬਸ਼ਰਤੇ ਕਿ ਉਹ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਰਤਮਾਨ ਵਿਨਿਯਮਾਂ ਵਿੱਚ ਦਰਜ ਉਪਬੰਧ ਵਾਂਗ ਮੈਟ੍ਰਿਕ ਪ੍ਰੀਖਿਆ ਪਹਿਲੇ ਦੋ ਮੌਕਿਆਂ ਵਿੱਚ ਪਾਸ ਕਰ ਲੈਂਦੇ ਹਨ।

**ਵਿਸ਼ੇਸ਼ ਨੋਟ:-** (1) ਨਿਰਧਾਰਿਤ ਦੋ ਮੌਕਿਆਂ ਵਿੱਚ ਮੈਟ੍ਰਿਕ ਪਾਸ ਨਾ ਕਰਨ ਵਾਲੇ ਕੰਪਾਰਟਮੈਂਟ/ਰੀ-ਅਪੀਅਰ ਵਿਦਿਆਰਥੀ ਜੇਕਰ ਇਹ ਪ੍ਰੀਖਿਆ ਗੋਲਡਨ ਚਾਂਸ ਵਿੱਚ ਪਾਸ ਕਰਦੇ ਹਨ, ਤਾਂ ਉਹ ਇਸ ਨਾਲ ਗਿਆਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖ਼ਲੇ ਦੇ ਯੋਗ ਨਹੀਂ ਹੋਣਗੇ। ਉਹ ਉਸ ਤੋਂ ਅਗਲੇ ਸਾਲ ਵਿੱਚ ਹੀ ਗਿਆਰ੍ਹਵੀਂ ਵਿੱਚ ਦਾਖ਼ਲਾ ਲੈ ਸਕਦੇ ਹਨ।

(2) ਜੇਕਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਾਖ਼ਲੇ ਦੀਆਂ ਸ਼ਰਤਾਂ ਵਿੱਚ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਉਹ ਸ਼ਰਤਾਂ ਇੰਨ-ਬਿੰਨ ਲਾਗੂ ਹੋਣਗੀਆਂ।

## ਕਾਲਜ ਵਿਖੇ ਮਨਾਏ ਗਏ 'ਲੋਹੜੀ' ਦੇ ਤਿਉਹਾਰ ਦੀਆਂ ਯਾਦਗਾਰੀ ਤਸਵੀਰਾਂ



## ਪੋਲੀਟੀਕਲ ਸਾਇੰਸ ਵਿਭਾਗ ਦੁਆਰਾ ਕਰਵਾਏ ਗਏ ਐਕਸਟੈਂਸ਼ਨ ਲੈਕਚਰ ਦੀਆਂ ਤਸਵੀਰਾਂ



# 10+2 (ਸਾਇੰਸ, ਕਾਮਰਸ ਅਤੇ ਆਰਟਸ) ਵਿੱਚ
# ਦਾਖ਼ਲੇ ਲਈ ਯੋਗਤਾ ਅਤੇ ਸ਼ਰਤਾਂ

## ਨਿਮਨ ਲਿਖਤ ਅਨੁਸਾਰ ਵਿਦਿਆਰਥੀ 10 + 2 ਸ਼੍ਰੇਣੀ ਵਿੱਚ ਦਾਖ਼ਲ ਹੋਣ ਦੇ ਯੋਗ ਹਨ:

1. ਜਿਸ ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਐਫ਼ੀਲੀਏਟਿਡ / ਸਰਕਾਰੀ / ਏਡਿਡ / ਐਸੋਸੀਏਟਿਡ ਸਕੂਲ ਤੋਂ ਗਿਆਰ੍ਹਵੀਂ ਸ਼੍ਰੇਣੀ ਜਾਂ ਇਸ ਦੇ ਬਰਾਬਰ ਦੀ ਪ੍ਰੀਖਿਆ ਪਾਸ ਕੀਤੀ ਹੋਵੇ।
2. ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਬੋਰਡ ਦੇ ਤੁਲ ਕਿਸੇ ਹੋਰ ਬੋਰਡ ਤੋਂ ਪਿਛਲੇ ਦੋ ਸਾਲਾਂ ਤੱਕ ਬਾਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਵਿਦਿਆਰਥੀ ਜਿਨ੍ਹਾਂ ਦਾ ਨਤੀਜਾ ਫੇਲ੍ਹ ਘੋਸ਼ਿਤ ਹੋਇਆ ਹੋਵੇ, ਉਹ ਵਿਦਿਆਰਥੀ ਬਾਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖ਼ਲੇ ਦੇ ਯੋਗ ਹਨ।
3. ਪਿਛਲੇ ਸਾਲਾਂ ਦੌਰਾਨ ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਬੋਰਡ ਦੇ ਤੁਲ ਕਿਸੇ ਹੋਰ ਬੋਰਡ ਤੋਂ ਗਿਆਰਵੀਂ ਸ਼੍ਰੇਣੀ ਰੈਗੂਲਰ ਤੌਰ 'ਤੇ ਪਾਸ ਕੀਤੀ ਹੋਵੇ, ਉਹ ਪ੍ਰੀਖਿਆਰਥੀ ਬਾਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖ਼ਲੇ ਦੇ ਯੋਗ ਹੋਣਗੇ।
4. ਪੁਰਾਣੇ ਸਿਸਟਮ ਅਧੀਨ ਪਾਸ ਕੀਤੀ ਹਾਇਰ ਸੈਕੰਡਰੀ (XI) ਹੁਣ ਦੇ ਸਿਸਟਮ ਦੀ ਗਿਆਰ੍ਹਵੀਂ ਸ਼੍ਰੇਣੀ ਦੇ ਬਰਾਬਰ ਹੈ ਪਰੰਤੂ ਹਾਇਰ ਸੈਕੰਡਰੀ (XI) ਪਾਸ ਵਿਦਿਆਰਥੀਆਂ ਨੂੰ ਮੌਜੂਦਾ ਸਿੱਖਿਆ ਪ੍ਰਣਾਲੀ ਅਧੀਨ ਬਾਰ੍ਹਵੀਂ ਪਾਸ ਕਰਨ ਲਈ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੋਵੇਂ ਸ਼੍ਰੇਣੀਆਂ ਪਾਸ ਕਰਨੀਆਂ ਲਾਜ਼ਮੀ ਹੋਣਗੀਆਂ ਕਿਉਂਕਿ ਗਿਆਰ੍ਹਵੀਂ ਅਤੇ ਬਾਰ੍ਹਵੀਂ ਸਿਸਟਮ integrated ਕੋਰਸ ਹੈ, ਹਾਇਰ ਸੈਕੰਡਰੀ ਪਾਸ ਕਰਨ ਉਪਰੰਤ ਹੁਣ ਸਿੱਧਾ ਬਾਰ੍ਹਵੀਂ ਵਿੱਚ ਦਾਖ਼ਲਾ ਨਹੀਂ ਦਿੱਤਾ ਜਾਵੇਗਾ।
5. ਜੇ ਕੋਈ ਰੈਗੂਲਰ ਉਮੀਦਵਾਰ ਬਾਰ੍ਹਵੀਂ ਸ਼੍ਰੇਣੀ ਸੰਬੰਧੀ ਪ੍ਰੀਖਿਆ ਦੀ ਕੰਪਾਰਟਮੈਂਟ / ਮੁੜ ਪ੍ਰੀਖਿਆ ਅਧੀਨ ਰੱਖਿਆ ਗਿਆ ਹੈ, ਕੰਪਾਰਟਮੈਂਟ / ਮੁੜ ਪ੍ਰੀਖਿਆ ਦਾ ਲਾਭ ਨਹੀਂ ਲੈਣਾ ਚਾਹੁੰਦਾ ਅਤੇ ਮੁੜ ਬਾਰ੍ਹਵੀਂ ਸ਼੍ਰੇਣੀ ਵਿੱਚ ਦਾਖ਼ਲਾ ਲੈਣਾ ਚਾਹੁੰਦਾ ਹੈ ਤਾਂ ਉਹ ਪ੍ਰੀਖਿਆਰਥੀ ਬਾਰ੍ਹਵੀਂ ਸ਼੍ਰੇਣੀ ਸਲਾਨਾ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਹੋਣ ਦੇ 30 ਦਿਨਾਂ ਦੇ ਅੰਦਰ - ਅੰਦਰ ਆਪਣਾ ਪੂਰਬਲਾ ਨਤੀਜਾ ਬੋਰਡ ਦੀ ਸੰਬੰਧਤ ਪ੍ਰੀਖਿਆ ਸ਼ਾਖਾ ਤੋਂ ਰੱਦ ਕਰਵਾਉਣ ਉਪਰੰਤ ਮੁੜ ਦਾਖ਼ਲਾ ਲੈ ਸਕੇਗਾ।

## ਬਾਹਰਲੇ ਬੋਰਡਾਂ ਤੋਂ ਮਾਈਗ੍ਰੇਟ ਹੋ ਕੇ ਆਏ ਵਿਦਿਆਰਥੀਆਂ ਦੇ ਦਾਖ਼ਲੇ ਸੰਬੰਧੀ ਹੇਠ ਦੱਸੇ ਦਸਤਾਵੇਜ਼ ਪੇਸ਼ ਕਰਨ 'ਤੇ ਹੀ ਵਿਦਿਆਰਥੀ 10+1/10+2 ਵਿੱਚ ਦਾਖ਼ਲ ਹੋ ਸਕਦੇ ਹਨ :

1. ਜਿਹੜੇ ਵਿਦਿਆਰਥੀਆਂ ਨੇ ਜਿਸ ਕਲਾਸ ਵਿੱਚ ਦਾਖ਼ਲਾ ਲੈਣਾ ਹੈ, ਉਸ ਕੋਲੋਂ ਹੇਠਲੀ ਸ਼੍ਰੇਣੀ ਪਾਸ ਹੋਣ ਦਾ ਨਤੀਜਾ ਕਾਰਡ ਅਤੇ ਟਰਾਂਸਫਰ ਸਰਟੀਫ਼ਿਕੇਟ ਦੋਵੇਂ ਹੀ ਦਸਤਾਵੇਜ਼ ਲਏ ਜਾਣਗੇ।
2. ਸਕੂਲ ਮੁਖੀ ਦੁਆਰਾ ਟਰਾਂਸਫਰ ਸਰਟੀਫ਼ਿਕੇਟ / ਨਤੀਜਾ ਕਾਰਡ ਕਿਸੇ ਹੋਰ ਅਥਾਰਟੀ ਤੋਂ ਵੈਰੀਫਾਈ ਕਰਵਾਉਣ ਦੀ ਲੋੜ ਨਹੀਂ ਹੋਵੇਗੀ। ਇਸ ਸੰਬੰਧ ਵਿੱਚ ਸਕੂਲ ਮੁਖੀ ਸੀ. ਬੀ. ਐੱਸ. ਈ. ਜਾਂ ਦੂਜੇ ਰਾਜਾਂ ਦੇ ਬੋਰਡਾਂ ਦੀ ਵੈਬਸਾਈਟ 'ਤੇ ਜਾ ਕੇ ਸਕੂਲ ਬਾਰੇ ਵੈਰੀਫਾਈ ਕਰੇਗਾ ਕਿ ਸਰਟੀਫ਼ਿਕੇਟ ਜਾਰੀ ਕਰਨ ਵਾਲੀ ਸੰਸਥਾ / ਸਕੂਲ ਬੋਰਡ ਨਾਲ ਐਫ਼ੀਲੀਏਟਡ ਹੈ ਜਾਂ ਨਹੀਂ। ਨਾਲ ਹੀ ਸਕੂਲ ਮੁਖੀ ਜਾਂ ਕਲਾਸ ਇੰਚਾਰਜ ਵੈਬਸਾਈਟ 'ਤੇ ਜਾ ਕੇ ਵੈਰੀਫਾਈ ਕਰਨ ਉਪਰੰਤ ਇਸ ਸੰਬੰਧ ਵਿੱਚ ਆਪਣੇ ਰਿਕਾਰਡ ਸੰਬੰਧਤ ਵੇਰਵੇ ਦਰਜ ਕਰਨਗੇ।
3. ਜਿਹੜੇ ਵਿਦਿਆਰਥੀ ਦਾਖ਼ਲ ਹੋਣ ਸਮੇਂ ਨਤੀਜਾ ਕਾਰਡ ਅਤੇ ਟਰਾਂਸਫਰ ਸਰਟੀਫ਼ਿਕੇਟ ਕਿਸੇ ਵਜ੍ਹਾ ਨਾਲ ਨਾ ਦੇ ਸਕਣ, ਤਾਂ ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੋਵੀਜਨਲ ਦਾਖ਼ਲਾ ਦਿੱਤਾ ਜਾਵੇ, ਪਰੰਤੂ ਉਨ੍ਹਾਂ ਨੂੰ ਸਲਾਨਾ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ ਪਹਿਲਾਂ ਉਕਤ ਦੋਵੇਂ ਸਰਟੀਫ਼ਿਕੇਟ ਸਕੂਲ ਮੁਖੀ ਨੂੰ ਪੇਸ਼ ਕਰਨੇ ਜ਼ਰੂਰੀ ਹੋਣਗੇ।
4. ਉਹ ਵਿਦਿਆਰਥੀ ਜਿਨ੍ਹਾਂ ਨੇ ਸਕੂਲ ਪੱਧਰ ਦੀ ਪੜ੍ਹਾਈ ਕਿਸੇ ਬਾਹਰਲੇ ਦੇਸ਼ ਤੋਂ ਕੀਤੀ ਹੋਵੇ ਅਤੇ ਅਗਲੇਰੀ ਪੜ੍ਹਾਈ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਕਰਨਾ ਚਾਹੁੰਦੇ ਹੋਣ ਜਾਂ 10+2 ਪਰੀਖਿਆ ਪਾਸ ਕਰਨ ਉਪਰੰਤ ਦੂਜੀਆਂ ਸੰਸਥਾਵਾਂ ਦੇ ਵੱਖ-ਵੱਖ ਕੋਰਸਾਂ ਵਿੱਚ ਦਾਖ਼ਲੇ ਲੈਣਾ ਚਾਹੁੰਦੇ ਹੋਣ। ਇਨ੍ਹਾਂ ਵਿਦਿਆਰਥੀਆਂ ਨੂੰ AIU ਤੋਂ ਮਾਨਤਾ ਪ੍ਰਾਪਤ ਸਮਾਨਤਾ ਪੱਤਰ ਮੁਹੱਈਆ ਕਰਵਾਉਣ ਉਪਰੰਤ ਹੀ ਬੋਰਡ ਵੱਲੋਂ ਸਮਾਨਤਾ ਪੱਤਰ ਜਾਰੀ ਕੀਤਾ ਜਾਏਗਾ।
5. ਪੰਜਾਬ ਸਟੇਟ ਬੋਰਡ ਆਫ਼ ਟੈਕਨੀਕਲ ਐਜੂਕੇਸ਼ਨ ਐਂਡ ਇੰਡਸਟਰੀਅਲ ਟ੍ਰੇਨਿੰਗ ਤੋਂ ਪਾਸ ਤਿੰਨ ਸਾਲਾ ਡਿਪਲੋਮਾ ਅਤੇ ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨੋਲੋਜੀ (SLIET) ਤੋਂ ਪਾਸ 2 ਸਾਲ ਸਰਟੀਫ਼ਿਕੇਟ ਕੋਰਸ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੀ 10+2 ਪ੍ਰੀਖਿਆ ਦੇ ਬਰਾਬਰ ਸਮਾਨਤਾ ਦਿੱਤੀ ਜਾਂਦੀ ਹੈ।

## ਗਰੁੱਪ ਬਦਲਣ ਸੰਬੰਧੀ ਨਿਯਮ


(ੳ) 10+1 ਸ਼੍ਰੇਣੀ ਦੀ ਪ੍ਰੀਖਿਆ ਪਾਸ ਕਰਨ ਪਿੱਛੋਂ ਉਮੀਦਵਾਰ ਉਸ ਹੀ ਗਰੁੱਪ ਦੇ ਅੰਦਰ ਵਿਸ਼ੇ ਬਦਲ ਸਕੇਗਾ।

(ਅ) 10+1 ਸ਼੍ਰੇਣੀ ਦੀ ਪ੍ਰੀਖਿਆ ਪਾਸ ਕਰਨ ਪਿੱਛੋਂ ਉਮੀਦਵਾਰ ਵਿਗਿਆਨ (Science) / ਵਣਜ (Commerce) ਵਿੱਚੋਂ ਗਰੁੱਪ ਬਦਲ ਕੇ ਮਾਨਵੀ ਵਿਸ਼ਾ (Humanities) ਗਰੁੱਪ ਲੈ ਸਕੇਗਾ।

(ੲ) ਸੰਸਥਾ ਦਾ ਮੁਖੀ ਦਾਖ਼ਲੇ ਦੀ ਤਾਰੀਕ ਤੋਂ ਪਿੱਛੋਂ ਇੱਕ ਮਹੀਨੇ ਦੇ ਅੰਦਰ ਵਿਸ਼ੇ/ਗਰੁੱਪ ਵਿੱਚ ਬਦਲੀ ਦੀ ਇਜਾਜ਼ਤ ਦੇ ਸਕੇਗਾ।

# ਛੁੱਟੀ ਸੰਬੰਧੀ ਨਿਯਮ





1. ਆਮ ਹਾਲਤਾਂ ਵਿੱਚ ਹਰੇਕ ਵਿਦਿਆਰਥੀ ਨੂੰ ਗੈਰ-ਹਾਜ਼ਰ ਹੋਣ ਤੋਂ ਪਹਿਲਾਂ ਹੀ ਛੁੱਟੀ ਲੈਣੀ ਜ਼ਰੂਰੀ ਹੈ। ਅਚਾਨਕ ਬਿਮਾਰ ਹੋ ਜਾਣ ਦੀ ਸੂਰਤ ਵਿੱਚ ਛੁੱਟੀ ਬਾਅਦ ਵਿੱਚ ਮਨਜ਼ੂਰ ਕਰਵਾਈ ਜਾ ਸਕਦੀ ਹੈ।
2. ਛੁੱਟੀ ਕਾਲਜ ਵੱਲੋਂ ਨਿਰਧਾਰਤ ਫਾਰਮ ਉੱਪਰ ਹੀ ਲੈਣੀ ਹੋਵੇਗੀ।
3. ਟਿਊਟਰ ਇੱਕ ਸਮੇਂ ਵੱਧ ਤੋਂ ਵੱਧ ਤਿੰਨ ਦਿਨਾਂ ਦੀ ਛੁੱਟੀ ਮਨਜ਼ੂਰ ਕਰ ਸਕਦਾ ਹੈ।
4. ਤਿੰਨ ਦਿਨਾਂ ਤੋਂ ਵੱਧ ਸਮੇਂ ਲਈ ਸੱਤ ਦਿਨਾਂ ਤੱਕ ਛੁੱਟੀ ਸੀਨੀਅਰ ਟਿਊਟਰ ਦੀ ਸਿਫ਼ਾਰਸ਼ ਨਾਲ ਹੀ ਟਿਊਟਰ ਛੁੱਟੀ ਮਨਜ਼ੂਰ ਕਰ ਸਕਦਾ ਹੈ। ਇਸ ਤੋਂ ਵੱਧ ਸਮੇਂ ਦੀ ਛੁੱਟੀ ਪ੍ਰਿੰਸੀਪਲ ਸਾਹਿਬ ਹੀ ਮਨਜ਼ੂਰ ਕਰ ਸਕਦੇ ਹਨ।
5. ਪਿਤਾ ਜਾਂ ਸਰਪ੍ਰਸਤ ਦੀ ਸਹਿਮਤੀ ਤੋਂ ਬਿਨਾਂ ਛੁੱਟੀ ਪ੍ਰਵਾਨ ਨਹੀਂ ਕੀਤੀ ਜਾਵੇਗੀ।
6. ਜਿਹੜਾ ਵਿਦਿਆਰਥੀ ਕਿਸੇ ਵੀ ਵਿਸ਼ੇ ਵਿੱਚ ਛੁੱਟੀ ਤੋਂ ਬਿਨਾਂ ਲਗਾਤਾਰ ਗੈਰ-ਹਾਜ਼ਰ ਰਹਿੰਦਾ ਹੈ, ਉਸ ਦਾ ਨਾਂ ਕਾਲਜ ਰਿਕਾਰਡ ਵਿੱਚੋਂ ਕੱਟ ਦਿੱਤਾ ਜਾਵੇਗਾ।
7. ਬਿਮਾਰੀ ਸੰਬੰਧੀ ਛੁੱਟੀ ਦੀ ਅਰਜ਼ੀ ਨਾਲ ਉੱਚਿਤ ਡਾਕਟਰੀ ਸਰਟੀਫ਼ਿਕੇਟ ਭੇਜਣਾ ਜ਼ਰੂਰੀ ਹੈ।
8. ਗੈਰ-ਹਾਜ਼ਰ ਵਿਦਿਆਰਥੀ ਨੂੰ ਹੇਠ ਲਿਖੇ ਅਨੁਸਾਰ ਜੁਰਮਾਨਾ ਕੀਤਾ ਜਾਵੇਗਾ।
   ੳ) 1 ਰੁਪਿਆ ਪ੍ਰਤੀ ਪੀਰੀਅਡ ਪਰ ਵੱਧ ਤੋਂ ਵੱਧ 5 ਰੁਪਏ ਪ੍ਰਤੀ ਦਿਨ।
   ਅ) ਪ੍ਰੈਕਟੀਕਲ-ਇੱਕ ਰੁਪਿਆ ਪ੍ਰਤੀ ਪ੍ਰੈਕਟੀਕਲ।
9. ਮਾਸ-ਬੰਕ ਕਰਨ ਵਾਲੀ ਕਲਾਸ ਦੇ ਹਰ ਵਿਦਿਆਰਥੀ ਨੂੰ 100/- ਰੁਪਏ ਪ੍ਰਤੀ ਵਿਦਿਆਰਥੀ ਜੁਰਮਾਨਾ ਕੀਤਾ ਜਾਵੇਗਾ।
10. ਕਾਲਜ ਵਿੱਚ ਹੋਣ ਵਾਲੇ ਸਮਾਗਮਾਂ, ਖੇਡ ਸਮਾਰੋਹਾਂ ਜਾਂ ਹੋਰ ਜ਼ਰੂਰੀ ਆਯੋਜਨਾਂ ਮੌਕੇ ਗੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀ ਨੂੰ ਜੁਰਮਾਨਾ ਕੀਤਾ ਜਾਵੇਗਾ।

# ਕਾਲਜ ਟ੍ਰਾਂਸਪੋਰਟ ਸੁਵਿਧਾ



ਕਾਲਜ ਵਿੱਚ ਪੜ੍ਹ ਰਹੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਦੇ ਵਿਦਿਆਰਥੀਆਂ ਨੂੰ ਸੁਰੱਖਿਅਤ ਕਾਲਜ ਲਿਆਉਣ ਅਤੇ ਘਰ ਪਹੁੰਚਾਉਣ ਲਈ ਕਾਲਜ ਵੱਲੋਂ ਵਾਜ਼ਬ ਰੇਟਾਂ 'ਤੇ ਬੱਸ ਸੁਵਿਧਾ ਪ੍ਰਦਾਨ ਕੀਤੀ ਜਾਂਦੀ ਹੈ। ਕਾਲਜ ਬੱਸਾਂ 100 ਦੇ ਕਰੀਬ ਪਿੰਡਾਂ ਅਤੇ ਕਸਬਿਆਂ ਵਿੱਚੋਂ ਵਿਦਿਆਰਥੀਆਂ ਨੂੰ ਲੈ ਕੇ ਆਉਂਦੀਆਂ ਹਨ, ਜਿਸ ਨਾਲ ਦੂਰ-ਦੁਰਾਡੇ ਪਿੰਡਾਂ ਦੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਪ੍ਰਦਾਨ ਕੀਤਾ ਗਿਆ ਹੈ। ਕਰਤਾਰਪੁਰ ਬੱਸ ਸਟੈਂਡ ਤੋਂ ਕਾਲਜ ਤੱਕ ਆਉਣ-ਜਾਣ ਲਈ ਵਿਦਿਆਰਥੀਆਂ ਨੂੰ ਈ-ਰਿਕਸ਼ਾ ਦੀ ਸੁਵਿਧਾ ਮੁਹੱਈਆ ਕਰਵਾਈ ਜਾਂਦੀ ਹੈ।

# ਦਾਖ਼ਲਾ ਲੈਣ ਆਏ ਵਿਦਿਆਰਥੀਆਂ ਲਈ ਹਦਾਇਤਾਂ

1. ਦਾਖ਼ਲਾ ਫਾਰਮ ਵਿਦਿਆਰਥੀ ਆਪਣੇ ਹੱਥ ਨਾਲ ਭਰੇ। ਇਸ ਵਿੱਚ ਦਿੱਤੀ ਗਈ ਸਾਰੀ ਜਾਣਕਾਰੀ ਅਤੇ ਵੇਰਵੇ ਸੱਚੇ ਤੇ ਪੂਰਨ ਹੋਣੇ ਚਾਹੀਦੇ ਹਨ।
2. ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਦਾਖ਼ਲਾ ਫਾਰਮ ਭਰਨ ਤੋਂ ਬਾਅਦ ਕਲਾਸ ਬਦਲਣ 'ਤੇ 1000/- ਰੁਪਏ ਫ਼ੀਸ ਲਈ ਜਾਵੇਗੀ।
3. ਜਿਹੜੇ ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਇਲਾਵਾ ਕਿਸੇ ਹੋਰ ਬੋਰਡ ਤੋਂ 10ਵੀਂ/10+2 ਦੀ ਪ੍ਰੀਖਿਆ ਪਾਸ ਕੀਤੀ ਹੈ, ਉਸਨੂੰ ਮਾਈਗ੍ਰੇਸ਼ਨ ਸਰਟੀਫ਼ਿਕੇਟ ਜਮ੍ਹਾਂ ਕਰਵਾਉਣਾ ਹੋਵੇਗਾ।
4. ਜਿਸ ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਇਲਾਵਾ ਕਿਸੇ ਹੋਰ ਬੋਰਡ ਤੋਂ ਹੇਠਲੀ ਪ੍ਰੀਖਿਆ ਪਾਸ ਕੀਤੀ ਹੋਵੇ ਉਸਨੂੰ ਬਣਦੀ ਮਾਈਗ੍ਰੇਸ਼ਨ ਫ਼ੀਸ ਦੇਣੀ ਪਵੇਗੀ।
5. ਹੇਠਲੀ ਪ੍ਰੀਖਿਆ ਦੇ ਸਰਟੀਫ਼ਿਕੇਟ ਪਾਸ ਹੋਣ ਦੇ ਸਬੂਤ ਵਜੋਂ ਜਮ੍ਹਾਂ ਕਰਵਾਉਣੇ ਜ਼ਰੂਰੀ ਹਨ।
6. ਪ੍ਰਾਸਪੈਕਟਸ ਤੋਂ ਕਾਲਜ ਦੇ ਸਾਰੇ ਨਿਯਮ ਅਤੇ ਸ਼ਰਤਾਂ ਪੜ੍ਹਨ ਤੋਂ ਬਾਅਦ ਵਿਦਿਆਰਥੀ ਦੇ ਮਾਤਾ / ਪਿਤਾ ਦਾਖ਼ਲਾ ਫਾਰਮ ਉਪਰ ਆਪਣੇ ਹਸਤਾਖ਼ਰ / Signature ਜ਼ਰੂਰ ਕਰਨ।
7. ਦਾਖ਼ਲਾ ਲੈਣ ਵਾਲੇ ਵਿਦਿਆਰਥੀ ਫ਼ੀਸ ਕਾਊਂਟਰ 'ਤੇ ਆਪਣੀ ਪੂਰੀ ਫ਼ੀਸ ਜਮ੍ਹਾਂ ਕਰਵਾ ਕੇ ਪੂਰੀ ਜਾਣਕਾਰੀ ਸਹਿਤ ਆਪਣਾ ਦਾਖ਼ਲਾ ਫਾਰਮ ਜਮ੍ਹਾਂ ਕਰਵਾਉਣ।
8. ਜੇਕਰ ਕੋਈ ਵਿਦਿਆਰਥੀ ਦਾਖ਼ਲਾ ਫਾਰਮ ਵਿੱਚ ਕੋਈ ਝੂਠੀ ਘੋਸ਼ਣਾ ਕਰਦਾ ਹੈ ਤਾਂ ਇਸਦਾ ਪਤਾ ਲੱਗਣ 'ਤੇ ਉਸੇ ਵੇਲੇ ਉਸਦਾ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ।
9. ਦਾਖ਼ਲਾ ਲੈਣ ਤੋਂ ਬਾਅਦ ਨਿਸ਼ਚਿਤ ਮਿਤੀ ਤੋਂ ਲਗਾਤਾਰ ਵਿਦਿਆਰਥੀ ਨੂੰ ਕਲਾਸਾਂ ਵਿੱਚ ਹਾਜ਼ਰ ਹੋਣਾ ਜ਼ਰੂਰੀ ਹੋਵੇਗਾ।
10. ਯੂਨੀਵਰਸਿਟੀ ਦੀਆਂ ਸਲਾਨਾ ਪ੍ਰੀਖਿਆਵਾਂ ਵਿੱਚ ਬੈਠਣ ਲਈ ਘੱਟੋ-ਘੱਟ 75% ਹਾਜ਼ਰੀਆਂ ਦਾ ਹੋਣਾ ਜ਼ਰੂਰੀ ਹੋਵੇਗਾ।
11. ਸਲਾਨਾ ਪ੍ਰੀਖਿਆਵਾਂ ਵਿੱਚ ਬੈਠਣ ਲਈ ਵਿਦਿਆਰਥੀਆਂ ਨੂੰ ਘਰੇਲੂ ਪ੍ਰੀਖਿਆਵਾਂ ਵਿੱਚੋਂ ਘੱਟੋ ਘੱਟ 35% ਅੰਕ ਪ੍ਰਾਪਤ ਕਰਨੇ ਜ਼ਰੂਰੀ ਹੋਣਗੇ।
12. ਕਾਲਜ ਵਿੱਚ ਅਨੁਸ਼ਾਸਨ ਨੂੰ ਬਣਾਈ ਰੱਖਣਾ ਹਰ ਵਿਦਿਆਰਥੀ ਦਾ ਫਰਜ਼ ਹੈ। ਜੇਕਰ ਕੋਈ ਵਿਦਿਆਰਥੀ ਅਨੁਸ਼ਾਸਨ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਉਸਦੇ ਖਿਲਾਫ਼ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
13. ਇਕ ਵਾਰ ਜਮ੍ਹਾਂ ਹੋਈ ਫ਼ੀਸ ਕਿਸੇ ਵੀ ਹਾਲਤ ਵਿੱਚ ਵਾਪਿਸ ਨਹੀਂ ਹੋਵੇਗੀ।
14. ਯੂਨੀਵਰਸਿਟੀ / ਕਾਲਜ ਮੈਨੇਜਮੈਂਟ ਵੱਲੋਂ ਜੇਕਰ ਫ਼ੀਸਾਂ ਵਿੱਚ ਤਬਦੀਲੀ ਕੀਤੀ ਜਾਵੇਗੀ ਤਾਂ ਉਹ ਵਿਦਿਆਰਥੀਆਂ 'ਤੇ ਲਾਗੂ ਹੋਵੇਗੀ।
15. ਕਾਲਜ ਦੀ ਕੁੱਲ ਫ਼ੀਸ ਨਿਸ਼ਚਿਤ ਤਰੀਕਾਂ 'ਤੇ ਕਾਲਜ ਵਿੱਚ ਜਮ੍ਹਾਂ ਕਰਾਉਣੀ ਜ਼ਰੂਰੀ ਹੈ ਨਹੀਂ ਤਾਂ ਪ੍ਰਤੀ ਦਿਨ 20 ਰੁ. ਜੁਰਮਾਨਾ ਲੈ ਕੇ ਫ਼ੀਸ ਵਸੂਲੀ ਜਾਵੇਗੀ। ਜੇਕਰ ਨਿਸ਼ਚਿਤ ਤਰੀਕ ਤੋਂ ਬਾਅਦ 20 ਦਿਨ ਤੱਕ ਫ਼ੀਸ ਦੀ ਅਦਾਇਗੀ ਨਹੀਂ ਹੁੰਦੀ ਤਾਂ ਵਿਦਿਆਰਥੀ ਦਾ ਨਾਮ ਕਾਲਜ ਰਿਕਾਰਡ ਵਿੱਚੋਂ ਕੱਟ ਦਿੱਤਾ ਜਾਵੇਗਾ। ਜੇਕਰ ਵਿਦਿਆਰਥੀ ਕਾਲਜ ਬੱਸ ਦੀ ਸੁਵਿਧਾ ਲੈਂਦਾ ਹੈ ਤਾਂ ਪੂਰਾ ਸੈਸ਼ਨ ਉਸਨੂੰ ਇਸਦੀ ਸੁਵਿਧਾ ਜਾਰੀ ਰੱਖਣੀ ਪਵੇਗੀ ਅਤੇ ਪੂਰੇ ਸੈਸ਼ਨ ਦੀ ਫ਼ੀਸ ਦੀ ਅਦਾਇਗੀ ਕਰਨੀ ਪਵੇਗੀ।
16. ਜੇਕਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਵੱਲੋਂ ਦਾਖ਼ਲਾ ਨਿਯਮਾਂ, ਦਾਖ਼ਲਾ ਤਾਰੀਖਾਂ ਤੇ ਸਿਲੇਬਸ ਵਿੱਚ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਇਹ ਤਬਦੀਲੀ ਇੰਨ-ਬਿੰਨ ਲਾਗੂ ਹੋਵੇਗੀ।

## ਸੋਸ਼ਲ ਸਾਇੰਸ ਵਿਭਾਗ ਦੁਆਰਾ ਕਰਵਾਏ ਗਏ ਸ਼ਹੀਦ ਭਗਤ ਸਿੰਘ ਜੀ ਦੇ ਸ਼ਹੀਦੀ ਦਿਵਸ ਅਤੇ ਬੀ. ਆਰ. ਅੰਬੇਦਕਰ ਜੈਯੰਤੀ ਨੂੰ ਸਮਰਪਿਤ ਸ਼ਰਧਾਂਜਲੀ ਸਮਾਗਮ



# ਵਿਦਿਆਰਥੀਆਂ ਲਈ ਜ਼ਰੂਰੀ ਗੱਲਾਂ

1. ਵਿਦਿਆਰਥੀਆਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਸਾਦਗੀ ਨੂੰ ਆਪਣਾ ਆਦਰਸ਼ ਬਣਾਉਂਦੇ ਹੋਏ ਕਾਲਜ ਵਿੱਚ ਢੁੱਕਵਾਂ ਪਹਿਰਾਵਾ ਪਾ ਕੇ ਆਉਣਗੇ। ਸਿੱਖ ਵਿਦਿਆਰਥੀ ਵਿਸ਼ੇਸ਼ ਤੌਰ 'ਤੇ ਧਿਆਨ ਰੱਖਣ ਕਿ ਉਹ ਕਾਲਜ ਵਿਖੇ ਦਸਤਾਰ ਸਜਾ ਕੇ ਆਉਣ, ਰੋਮਾਂ ਦੀ ਬੇਅਦਬੀ ਨਾ ਕਰਨ। ਕਾਲਜ ਵਿੱਚ ਪਟਕਾ ਬੰਨ੍ਹ ਕੇ/ਟੋਪੀ ਪਾ ਕੇ/ਗੋਗਲਜ਼ ਲਾ ਕੇ ਆਉਣ ਦੀ ਸਖ਼ਤ ਮਨਾਹੀ ਹੈ।
2. 10+1 ਅਤੇ 10+2 (ਆਰਟਸ, ਸਾਇੰਸ ਤੇ ਕਾਮਰਸ) ਦੇ ਵਿਦਿਆਰਥੀਆਂ ਲਈ ਦਿਨ ਵੀਰਵਾਰ ਨੂੰ ਛੱਡ ਕੇ ਬਾਕੀ ਦਿਨ ਕਾਲਜ ਵਿੱਚ ਯੂਨੀਫਾਰਮ ਪਾ ਕੇ ਆਉਣਾ ਲਾਜ਼ਮੀ ਹੈ।
3. ਕਾਲਜ ਵਿੱਚ ਕਿਸੇ ਵੀ ਤਰ੍ਹਾਂ ਦੇ ਨਸ਼ੇ ਦਾ ਸੇਵਨ ਕਰਨਾ ਅਤੇ ਕੋਈ ਵੀ ਹਥਿਆਰ ਲੈ ਕੇ ਆਉਣਾ ਸਖ਼ਤ ਮਨ੍ਹਾਂ ਹੈ।
4. ਵਿਦਿਆਰਥੀ ਹਰ ਰੋਜ਼ ਨੋਟਿਸ ਬੋਰਡ ਪੜ੍ਹਨ।
5. ਕਾਲਜ ਕੈਂਪਸ ਨੂੰ ਸਾਫ਼ ਸੁਥਰਾ ਰੱਖਣਾ ਵਿਦਿਆਰਥੀਆਂ ਦੀ ਨੈਤਿਕ ਜ਼ਿੰਮੇਵਾਰੀ ਹੈ।
6. ਕਾਲਜ ਦੀ ਸੰਪਤੀ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਪਹੁੰਚਾਉਣ ਵਾਲੇ ਵਿਦਿਆਰਥੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।
7. ਕਾਲਜ ਕੈਂਪਸ ਵਿੱਚ ਹਰ ਵਿਦਿਆਰਥੀ ਕੋਲ ਸ਼ਨਾਖ਼ਤੀ ਕਾਰਡ ਹੋਣਾ ਲਾਜ਼ਮੀ ਹੈ।
8. ਉਹ ਵਿਦਿਆਰਥੀ ਜਿਹੜੇ ਅਨੁਸ਼ਾਸਨੀ, ਅਨੈਤਿਕਤਾ, ਸਮਾਜ ਵਿਰੋਧੀ ਕੰਮ ਅਤੇ ਦੁਰਵਿਵਹਾਰ ਲਈ ਦੋਸ਼ੀ ਪਾਏ ਜਾਣਗੇ, ਉਨ੍ਹਾਂ ਦਾ ਦਾਖ਼ਲਾ ਖਾਰਜ ਕੀਤਾ ਜਾਵੇਗਾ।
9. ਕਾਲਜ ਵਿੱਚ ਦਾਖ਼ਲ ਵਿਦਿਆਰਥੀਆਂ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਦੇ ਕਾਲਜ ਵਿੱਚ ਆਉਣ ਦੀ ਪੂਰੀ ਤਰ੍ਹਾਂ ਮਨਾਹੀ ਹੈ। ਅਤਿ ਜ਼ਰੂਰੀ ਹਾਲਤ ਵਿੱਚ ਵੀ ਕੇਵਲ ਲੜਕੇ/ਲੜਕੀ ਦੇ ਪਿਤਾ/ਮਾਤਾ ਜਾਂ ਸਕੇ ਭਰਾ ਨੂੰ ਹੀ ਕਾਲਜ ਵਿੱਚ ਆ ਕੇ ਮਿਲਣ ਦੀ ਆਗਿਆ ਹੋਵੇਗੀ।
10. ਵਿਦਿਆਰਥੀਆਂ ਦੇ ਮਾਪਿਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਬੱਚਿਆਂ ਦੇ ਹਿੱਤ ਲਈ ਸਮੇਂ-ਸਮੇਂ ਪ੍ਰਿੰਸੀਪਲ ਸਾਹਿਬ ਜਾਂ ਅਧਿਆਪਕਾਂ ਨਾਲ ਸੰਪਰਕ ਬਣਾਈ ਰੱਖਣ।
11. ਸਾਰੇ ਵਿਦਿਆਰਥੀਆਂ ਲਈ ਕਾਲਜ ਵੱਲੋਂ ਰੱਖੇ ਇਮਤਿਹਾਨਾਂ ਵਿੱਚ ਬੈਠਣਾ ਜ਼ਰੂਰੀ ਹੈ। ਬਿਨਾਂ ਆਗਿਆ ਤੋਂ ਇਮਤਿਹਾਨ ਵਿੱਚੋਂ ਗੈਰ ਹਾਜ਼ਰ ਵਿਦਿਆਰਥੀ ਨੂੰ 100 ਰੁਪਏ ਪ੍ਰਤੀ ਵਿਸ਼ਾ ਜੁਰਮਾਨਾ ਕੀਤਾ ਜਾਵੇਗਾ। ਵਿਦਿਆਰਥੀ ਨੂੰ ਵਿਸ਼ੇਸ਼ ਪ੍ਰੀਖਿਆ ਦੇਣ ਲਈ 250 ਰੁਪਏ ਫ਼ੀਸ ਦੇਣੀ ਪਵੇਗੀ।
12. 10+1 ਅਤੇ 10+2 ਦੇ ਵਿਦਿਆਰਥੀਆਂ ਨੂੰ ਕਾਲਜ ਮੋਬਾਇਲ ਲੈ ਕੇ ਆਉਣ ਦੀ ਮਨਾਹੀ ਹੈ, ਜੇਕਰ ਮੋਬਾਇਲ ਫੋਨ ਲੈ ਕੇ ਆਉਂਦੇ ਹਨ ਤਾਂ ਮੋਬਾਇਲ ਜ਼ਬਤ ਕਰ ਲਿਆ ਜਾਵੇਗਾ।

## ਕੈਰੀਅਰ ਐਂਡ ਗਾਇਡੈਂਸ ਬਿਊਰੋ

ਵਿਦਿਆਰਥੀਆਂ ਨੂੰ ਰੁਜ਼ਗਾਰ ਸੰਬੰਧੀ ਸੂਚਨਾ ਅਤੇ ਅਗਵਾਈ ਦੇਣ ਲਈ ਕੈਰੀਅਰ ਐਂਡ ਗਾਇਡੈਂਸ ਬਿਊਰੋ ਸਥਾਪਿਤ ਕੀਤਾ ਗਿਆ ਹੈ। ਇਹ ਬਿਊਰੋ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਰੁਚੀ ਮੁਤਾਬਿਕ ਵਿਸ਼ੇ ਚੁਣਨ ਅਤੇ ਸੰਬੰਧਿਤ ਵਿਸ਼ਿਆਂ ਦੇ ਖੇਤਰ ਵਿੱਚ ਸੁਨਹਿਰਾ ਭਵਿੱਖ ਸਿਰਜਣ ਲਈ ਹਮੇਸ਼ਾਂ ਪ੍ਰੇਰਿਤ ਕਰਦਾ ਰਹਿੰਦਾ ਹੈ। ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਹਿਯੋਗ ਨਾਲ ਮਿਤੀ 27 ਜਨਵਰੀ 2025 ਤੋਂ 01 ਫਰਵਰੀ 2025 ਤੱਕ ਮਹਿੰਦਰਾ ਐਂਡ ਮਹਿੰਦਰਾ ਕੰਪਨੀ ਵੱਲੋਂ ਲੜਕੀਆਂ ਲਈ ਛੇ ਰੋਜ਼ਾ ਰੋਜ਼ਗਾਰ ਅਤੇ ਜੀਵਨ ਕੌਸ਼ਲ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ।












# ਰੈਗਿੰਗ ਵਿਰੁੱਧ ਚੇਤਾਵਨੀ

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਵੱਲੋਂ ਡਾ. ਕੇ. ਪੀ. ਐਸ. ਉਨੀ (ਸਾਬਕਾ ਰਜਿਸਟਰਾਰ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ) ਦੀ ਨਿਗਰਾਨੀ ਵਿੱਚ ਰੈਗਿੰਗ ਦੇ ਮਾਮਲੇ ਵਿਚਾਰਨ ਲਈ ਬਣਾਈ ਉੱਚ ਪੱਧਰੀ ਕਮੇਟੀ ਵੱਲੋਂ ਸੁਝਾਏ ਫੈਸਲਿਆਂ ਨੂੰ ਕਮਿਸ਼ਨ ਵੱਲੋਂ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਸਿੰਡੀਕੇਟ ਨੇ ਕਮੇਟੀ ਦੀਆਂ ਸਿਫ਼ਾਰਿਸ਼ਾਂ ਨੂੰ ਇੰਨ-ਬਿੰਨ ਲਾਗੂ ਕਰਨ ਦਾ ਫੈਸਲਾ ਲੈਂਦਿਆਂ ਰੈਗਿੰਗ ਸੰਬੰਧਿਤ ਲਏ ਫੈਸਲਿਆਂ ਨੂੰ ਯੂਨੀਵਰਸਿਟੀ ਦੇ ਕੈਲੰਡਰ ਦਾ ਹਿੱਸਾ ਸਮਝਣ ਦੇ ਨਿਰਦੇਸ਼ ਦਿੰਦਿਆਂ ਇਸ ਨੂੰ ਲਾਗੂ ਕੀਤਾ ਗਿਆ ਹੈ।

**ਜਿਸ ਅਨੁਸਾਰ :**

- ਰੈਗਿੰਗ ਵਿੱਚ ਹਿੱਸਾ ਲੈਣ ਜਾਂ ਰੈਗਿੰਗ ਲਈ ਪ੍ਰੇਰਿਤ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਦੋਸ਼ੀ ਪਾਇਆ ਗਿਆ ਵਿਦਿਆਰਥੀ ਕੋਈ ਅਪੀਲ-ਦਲੀਲ ਨਹੀਂ ਦੇ ਸਕੇਗਾ।
- ਰੈਗਿੰਗ ਦੇ ਭਾਗੀਦਾਰ ਵਿਦਿਆਰਥੀ ਨੂੰ 3 ਸਾਲ ਲਈ ਕਾਲਜ ਅਤੇ ਦੂਸਰੀਆਂ ਸੰਸਥਾਵਾਂ ਵਿੱਚ ਦਾਖ਼ਲੇ ਤੋਂ ਵਾਂਝਿਆਂ ਕੀਤਾ ਜਾ ਸਕਦਾ ਹੈ।
- ਰੈਗਿੰਗ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀ ਨੂੰ ਰੈਗਿੰਗ ਕਾਨੂੰਨ ਤਹਿਤ ਪੁਲਿਸ ਹਵਾਲੇ ਵੀ ਕੀਤਾ ਜਾ ਸਕਦਾ ਹੈ।
- ਰੈਗਿੰਗ ਦੇ ਭਾਗੀਦਾਰ ਵਿਦਿਆਰਥੀ ਨੂੰ 2500/- ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ।
- ਕਾਲਜ ਵਿੱਚ ਦਾਖ਼ਲ ਹੋਣ ਵਾਲੇ ਵਿਦਿਆਰਥੀ ਦੇ ਮਾਪੇ / ਸਰਪ੍ਰਸਤ ਆਪਣੇ ਬੱਚਿਆਂ ਨੂੰ ਰੈਗਿੰਗ ਕਾਨੂੰਨ ਤੋਂ ਜਾਣੂ ਕਰਵਾ ਦੇਣ।

ਯੂ.ਜੀ.ਸੀ. ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਰੈਗਿੰਗ ਸੰਬੰਧੀ ਉਕਤ ਫੈਸਲਿਆਂ ਲਈ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਆਪਣੇ ਫ਼ਰਜ਼ਾਂ ਦੀ ਪਾਲਣਾ ਕਰਨੀ ਜ਼ਰੂਰੀ ਹੋਵੇਗੀ ਅਤੇ ਇਸ ਨੂੰ ਪੂਰੀ ਸਖ਼ਤੀ ਨਾਲ ਅਮਲ ਕੀਤਾ / ਕਰਵਾਇਆ ਜਾਵੇਗਾ। ਇਸ ਮਕਸਦ ਹਿੱਤ ਕਾਲਜ ਅਧਿਆਪਕਾਂ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ 'ਤੇ ਅਧਾਰਿਤ ਇੱਕ ਸਬ-ਕਮੇਟੀ ਵੀ ਗਠਿਤ ਕੀਤੀ ਜਾਵੇਗੀ।

ਇਸ ਮਕਸਦ ਹਿੱਤ ਕਾਲਜ ਅਧਿਆਪਕਾਂ ਦੀ ਕਮੇਟੀ ਵੀ ਹੇਠ ਲਿਖੇ ਅਨੁਸਾਰ ਗਠਿਤ ਕੀਤੀ ਗਈ ਹੈ।

**ਐਂਟੀ ਰੈਗਿੰਗ ਕਮੇਟੀ 1. ਡਾ. ਸੁਚੇਤਾ ਰਾਣੀ 2. ਪ੍ਰੋ. ਕਮਲੇਸ਼ ਰਾਣੀ 3. ਡਾ. ਕਮਲਜੀਤ ਸਿੰਘ।**

ਇਸ ਤੋਂ ਇਲਾਵਾ ਕੋਈ ਸ਼ਿਕਾਇਤ ਹੋਣ ਦੀ ਹਾਲਾਤ ਵਿੱਚ Helpline Number : 1800-180-5522 ਨੰਬਰ ਅਤੇ Email-id Helpline@antiragging.in 'ਤੇ ਸੰਪਰਕ ਕੀਤਾ ਜਾ ਸਕਦਾ ਹੈ ।

## ਕਾਲਜ ਵਿਖੇ ਪੰਜਾਬੀ ਵਿਭਾਗ ਦੁਆਰਾ ਮਨਾਏ ਗਏ ਅੰਮ੍ਰਿਤਾ ਪ੍ਰੀਤਮ ਦੇ ਜਨਮ ਦਿਵਸ ਨੂੰ ਸਮਰਪਿਤ ਸਮਾਗਮ ਦੀਆਂ ਯਾਦਗਰੀ ਤਸਵੀਰਾਂ



# ਸੈਮੀਨਾਰ ਅਤੇ ਐਕਸਟੈਂਸ਼ਨ ਲੈਕਚਰ

ਵਿਦਿਆਰਥੀਆਂ ਅਤੇ ਸਟਾਫ਼ ਦੇ ਸੰਪੂਰਨ ਬੌਧਿਕ ਅਤੇ ਨੈਤਿਕ ਵਿਕਾਸ ਲਈ ਸਮੇਂ-ਸਮੇਂ 'ਤੇ ਕਾਲਜ ਕੈਂਪਸ ਵਿੱਚ ਐਕਸਟੈਂਸ਼ਨ ਲੈਕਚਰ ਅਤੇ ਸੈਮੀਨਾਰ ਕਰਵਾਏ ਜਾਂਦੇ ਹਨ। ਇਨ੍ਹਾਂ ਲੈਕਚਰਾਂ ਵਿੱਚ ਵੱਖ-ਵੱਖ ਵਿਸ਼ਾ ਮਾਹਿਰ ਵਿਦਿਆਰਥੀਆਂ ਨੂੰ ਸੁਚੱਜੀ ਜੀਵਨ ਸੇਧ ਦੇ ਕੇ ਸਮਾਜ ਵਿੱਚ ਵਧੀਆ ਢੰਗ ਨਾਲ ਵਿਚਰਨ ਦੀ ਪ੍ਰੇਰਣਾ ਦਿੰਦੇ ਹਨ। ਕਾਲਜ ਵਿਦਿਆਰਥੀਆਂ ਨੂੰ ਸਿੱਖ ਧਰਮ ਅਤੇ ਵਿਰਸੇ ਨਾਲ ਜੋੜਨ ਲਈ ਕਾਲਜ ਵਿਖੇ ਲਗਾਤਾਰ ਧਾਰਮਿਕ ਲੈਕਚਰ/ਪ੍ਰੋਗਰਾਮ ਕਰਵਾਏ ਜਾਂਦੇ ਹਨ। ਇਸ ਤੋਂ ਇਲਾਵਾ ਮਿਤੀ 29 ਮਾਰਚ 2025 ਨੂੰ ਕਾਲਜ ਵਿਖੇ Artificial Intelligence and Machine Learning for Sustainable Growth in daily life ਵਿਸ਼ੇ 'ਤੇ ਇੱਕ ਰੋਜ਼ਾ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਕਾਮਰਸ ਵਿਭਾਗ ਦੁਆਰਾ ਕਰਵਾਏ ਗਏ ਨੈਸ਼ਨਲ ਸੈਮੀਨਾਰ ਦੀ ਬੁੱਕ ਵੀ ਰਿਲੀਜ਼ ਕੀਤੀ ਗਈ। NSS ਵਿਭਾਗ ਦੁਆਰਾ ਲਗਾਏ ਗਏ 7 ਰੋਜ਼ਾ ਕੈਂਪ ਵਿਚ ਮੁੱਖ ਬੁਲਾਰੇ ਵਜੋਂ ਮੈਡਮ ਮੀਨਾ ਪਵਾਰ ਇੰਸਪੈਕਟਰ ਪੰਜਾਬ ਪੁਲਿਸ ਵਿਸ਼ੇਸ਼ ਤੌਰ 'ਤੇ ਪਹੁੰਚੇ।



































# ਬੁੱਕ ਬੈਂਕ

ਗਰੀਬ ਅਤੇ ਹੁਸ਼ਿਆਰ ਵਿਦਿਆਰਥੀਆਂ ਲਈ ਕਾਲਜ ਵਿੱਚ ਇੱਕ ਬੁੱਕ ਬੈਂਕ ਸਥਾਪਿਤ ਕੀਤਾ ਗਿਆ ਹੈ, ਜਿੱਥੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕੋਰਸਾਂ ਦੀਆਂ ਸਾਰੇ ਸਾਲ ਲਈ ਕਿਤਾਬਾਂ ਜਾਰੀ ਕੀਤੀਆਂ ਜਾਂਦੀਆਂ ਹਨ। ਵਿਦਿਆਰਥੀਆਂ ਵਿੱਚ ਕਿਤਾਬਾਂ ਪੜ੍ਹਨ ਦੀ ਰੁਚੀ ਨੂੰ ਪ੍ਰਫੁੱਲਿਤ ਕਰਨ ਲਈ ਕਾਲਜ ਵਿਖੇ ਪੁਸਤਕ ਮੇਲੇ ਦਾ ਵੀ ਆਯੋਜਨ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਕਾਲਜ ਲਾਇਬ੍ਰੇਰੀ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਪੁਸਤਕਾਂ ਦਾ ਵਿਸ਼ਾਲ ਸੰਗ੍ਰਹਿ ਹੈ। ਵੱਖ-ਵੱਖ ਰਾਜਨੀਤਿਕ, ਸਮਾਜਿਕ, ਰਾਸ਼ਟਰੀ ਤੇ ਅੰਤਰ ਰਾਸ਼ਟਰੀ ਘਟਨਾਕ੍ਰਮਾਂ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਉਣ ਲਈ ਕਾਲਜ ਵਿੱਚ ਮੈਗਜ਼ੀਨਾਂ ਅਤੇ ਅਖ਼ਬਾਰਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਵਿਦਿਆਰਥੀ ਆਪਣੇ ਫ਼ਰੀ ਪੀਰੀਅਡ ਵਿੱਚ ਲਾਇਬ੍ਰੇਰੀ ਵਿੱਚ ਆ ਕੇ ਸਮੇਂ ਦਾ ਸਹੀ ਉਪਯੋਗ ਕਰ ਸਕਦੇ ਹਨ। ਵਿਦਿਆਰਥੀਆਂ ਨੂੰ ਇੱਕ ਸਮੇਂ ਦੋ ਕਿਤਾਬਾਂ 14 ਦਿਨਾਂ ਲਈ ਜਾਰੀ ਕੀਤੀਆਂ ਜਾਂਦੀਆਂ ਹਨ।



# ਕਾਲਜ ਯੂਥ ਕਲੱਬ




ਵਿਦਿਆਰਥੀਆਂ ਦੇ ਵਿਅਕਤੀਤਵ ਦੇ ਸੰਪੂਰਨ ਵਿਕਾਸ ਲਈ, ਉਨ੍ਹਾਂ ਨੂੰ ਸੇਧ ਦੇਣ ਅਤੇ ਸਭਿਆਚਾਰਕ, ਕਲਾਤਮਿਕ ਤੇ ਹੋਰ ਸਾਹਸੀ ਰੁਚੀਆਂ ਨੂੰ ਜਾਗ੍ਰਿਤ ਕਰਨ ਅਤੇ ਸੰਬੰਧਿਤ ਗਤੀਵਿਧੀਆਂ ਨੂੰ ਪ੍ਰਫੁੱਲਿਤ ਕਰਨ ਵਾਸਤੇ ਕਾਲਜ ਵਿੱਚ ਇੱਕ ਯੂਥ ਕਲੱਬ ਸਥਾਪਿਤ ਕੀਤਾ ਗਿਆ ਹੈ। ਇਸ ਦੁਆਰਾ ਯੁਵਕ ਮੇਲੇ, ਹਾਈਕਿੰਗ-ਟਰੈਕਿੰਗ ਅਤੇ ਅੰਤਰ ਰਾਜੀ ਟੂਰਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

# ਕੌਮੀ ਸੇਵਾ ਯੋਜਨਾ (ਐੱਨ.ਐੱਸ.ਐੱਸ.)

ਦੇਸ਼ ਦੇ ਨੌਜਵਾਨਾਂ ਵਿੱਚ ਸੇਵਾ ਭਾਵਨਾ ਪੈਦਾ ਕਰਨ ਲਈ ਭਾਰਤ ਸਰਕਾਰ ਵੱਲੋਂ ਕੌਮੀ ਸੇਵਾ ਯੋਜਨਾ ਸ਼ੁਰੂ ਕੀਤੀ ਗਈ ਹੈ। ਐੱਨ.ਐੱਸ.ਐੱਸ. ਵਿਭਾਗ ਦੁਆਰਾ ਵਿਦਿਆਰਥੀਆਂ ਵਿੱਚ ਕਾਲਜ ਕੈਂਪਸ ਨੂੰ ਸੰਵਾਰਨ ਤੋਂ ਲੈ ਕੇ ਪੇਂਡੂ ਅਤੇ ਸ਼ਹਿਰੀ ਸੇਵਾ ਤੇ ਸਮਾਜ ਉਸਾਰੀ ਤੱਕ ਦੇ ਕੰਮਾਂ ਲਈ ਪ੍ਰੇਰਿਤ ਕੀਤਾ ਜਾਂਦਾ ਹੈ।




ਐੱਨ.ਐੱਸ.ਐੱਸ. ਵਲੰਟੀਅਰ ਆਪਣੇ ਵਿਅਕਤੀਤਵ ਦੇ ਵਿਕਾਸ ਦੇ ਨਾਲ-ਨਾਲ ਦੇਸ਼ ਅਤੇ ਕੌਮ ਲਈ ਆਪਣਾ ਯੋਗਦਾਨ ਪਾ ਕੇ ਮਾਣ ਹਾਸਿਲ ਕਰ ਸਕਦੇ ਹਨ। ਐੱਨ.ਐੱਸ.ਐੱਸ. ਵਲੰਟੀਅਰ ਬਣਨ ਲਈ ਵਿਦਿਆਰਥੀਆਂ ਨੂੰ ਵੱਖਰਾ ਫਾਰਮ ਭਰਨਾ ਹੋਵੇਗਾ।

# ਐੱਨ.ਸੀ.ਸੀ.

ਕਾਲਜ ਵਿਖੇ 21 ਪੰਜਾਬ ਬਟਾਲੀਅਨ, ਕਪੂਰਥਲਾ ਤੋਂ ਐੱਨ.ਸੀ.ਸੀ. ਦਾ ਇੱਕ ਯੂਨਿਟ ਸੈਸ਼ਨ 2021-22 ਤੋਂ ਸ਼ੁਰੂ ਕੀਤਾ ਗਿਆ ਹੈ। ਇਸ ਦਾ ਉਦੇਸ਼ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਜ਼ਿੰਮੇਵਾਰੀ ਅਤੇ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨਾ ਹੈ। ਐੱਨ.ਸੀ.ਸੀ. ਕੈਡਿਟ ਪ੍ਰਭਜੋਤ ਅਤੇ ਲਿਚਵਾ ਸ਼ੇਰਗਿੱਲ ਦੀ ਪ੍ਰੀ ਆਰ.ਡੀ.ਸੀ. ਕੈਂਪ ਵਿੱਚ ਚੋਣ ਹੋਈ।



## ਟਿਊਟੋਰੀਅਲ ਪ੍ਰਬੰਧ

ਵਿਦਿਆਰਥੀ ਤੇ ਅਧਿਆਪਕਾਂ ਦੇ ਪਰਸਪਰ ਸੰਬੰਧਾਂ ਨੂੰ ਵਧੇਰੇ ਨਿੱਘੇ ਬਣਾਉਣ ਲਈ ਕਾਲਜ ਦੇ ਸਾਰੇ ਵਿਦਿਆਰਥੀਆਂ ਨੂੰ ਟਿਊਟੋਰੀਅਲ ਗਰੁੱਪਾਂ ਵਿੱਚ ਵੰਡ ਦਿੱਤਾ ਜਾਂਦਾ ਹੈ। ਹਰੇਕ ਗਰੁੱਪ ਦਾ ਇੰਚਾਰਜ ਇੱਕ ਅਧਿਆਪਕ ਹੁੰਦਾ ਹੈ। ਟਿਊਟੋਰੀਅਲ ਪੀਰੀਅਡ ਵਿੱਚ ਵਿਦਿਆਰਥੀਆਂ ਨੇ ਆਪਣੀਆਂ ਔਕੜਾਂ ਦੱਸਣੀਆਂ ਹੁੰਦੀਆਂ ਹਨ ਅਤੇ ਆਪਣੀਆਂ ਸਭਿਆਚਾਰਕ / ਸਹਿ ਵਿੱਦਿਅਕ ਰੁਚੀਆਂ ਦਾ ਪ੍ਰਗਟਾਵਾ ਕਰਨਾ ਹੁੰਦਾ ਹੈ। ਟਿਊਟਰ ਆਪਣੇ ਗਰੁੱਪ ਦੇ ਵਿਦਿਆਰਥੀਆਂ ਦੀਆਂ ਔਕੜਾਂ ਨੂੰ ਸੁਲਝਾਉਂਦਾ ਹੈ। ਟਿਊਟੋਰੀਅਲ ਦੇ ਪੀਰੀਅਡ ਹਰ ਮਹੀਨੇ ਦੇ ਦੂਸਰੇ ਸ਼ਨਿੱਚਰਵਾਰ ਲਗਣਗੇ।

## ਈਕੋ ਕਲੱਬ ਕਾਲਜ

ਈਕੋ ਕਲੱਬ ਕਾਲਜ ਦਾ ਇਕ ਸਰਗਰਮ ਅਤੇ ਜਾਗਰੂਕਤਾ ਪੈਦਾ ਕਰਨ ਵਾਲਾ ਯੂਨਿਟ ਹੈ ਜੋ ਵਿਦਿਆਰਥੀਆਂ ਵਿੱਚ ਵਾਤਾਵਰਣ ਪ੍ਰਤੀ ਸੰਵੇਦਨਸ਼ੀਲਤਾ ਅਤੇ ਜ਼ਿੰਮੇਵਾਰੀ ਦੀ ਭਾਵਨਾ ਵਿਕਸਿਤ ਕਰਦਾ ਹੈ। ਇਹ ਕਲੱਬ ਵਾਤਾਵਰਨ ਦੀ ਸੰਭਾਲ ਲਈ ਵੱਖ-ਵੱਖ ਰਚਨਾਤਮਕ ਗਤੀਵਿਧੀਆਂ ਜਿਵੇਂ ਰੁੱਖ ਲਗਾਉਣ, ਸਫਾਈ ਮੁਹਿੰਮਾਂ, ਪਲਾਸਟਿਕ ਮੁਕਤ ਵਾਤਾਵਰਣ, ਵਰਕਸ਼ਾਪ ਅਤੇ ਲੈਕਚਰ ਆਦਿ ਆਯੋਜਿਤ ਕਰਦਾ ਹੈ। ਵਿਦਿਆਰਥੀਆਂ ਨੂੰ ਕੁਦਰਤ ਨਾਲ ਜੁੜਨ ਅਤੇ ਇਕ ਹਰੇ-ਭਰੇ, ਸੁਰੱਖਿਅਤ ਭਵਿੱਖ ਦੇ ਨਿਰਮਾਣ ਵੱਲ ਪ੍ਰੇਰਿਤ ਕਰਨਾ, ਇਸ ਕਲੱਬ ਦਾ ਮੁੱਖ ਉਦੇਸ਼ ਹੈ।



## ਸਭਿਆਚਾਰਕ ਸਰਗਰਮੀਆਂ ਅਤੇ ਸਹਿ-ਵਿੱਦਿਅਕ ਗਤੀਵਿਧੀਆਂ

ਕਾਲਜ ਵਿੱਚ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੇ ਜ਼ੋਨਲ ਅਤੇ ਅੰਤਰ ਜ਼ੋਨਲ ਯੁਵਕ ਮੇਲਿਆਂ ਤੋਂ ਇਲਾਵਾ ਰਾਸ਼ਟਰੀ ਅਤੇ ਹੋਰ ਸਭਿਆਚਾਰਕ ਮੁਕਾਬਲਿਆਂ ਲਈ ਟ੍ਰੇਨਿੰਗ ਦੇ ਕੇ ਸ਼ਮੂਲੀਅਤ ਕਰਵਾਈ ਜਾਂਦੀ ਹੈ। ਕਾਲਜ ਵਿੱਚ ਗਿੱਧਾ, ਭੰਗੜਾ, ਲੋਕ-ਗੀਤ, ਵੈਸਟਰਨ ਸੌਂਗ, ਨਾਟਕ, ਮਾਈਮ, ਮਮਿਕਰੀ, ਡੀਬੇਟ, ਐਲੋਕਿਊਸ਼ਨ, ਕੁਇਜ਼, ਕੋਮਲ ਕਲਾਵਾਂ ਆਦਿ ਵਿੱਚ ਵਿਦਿਆਰਥੀਆਂ ਨੂੰ ਮਾਹਿਰਾਂ ਵੱਲੋਂ ਸਿਖਲਾਈ ਦਿੱਤੀ ਜਾਂਦੀ ਹੈ। ਇਨ੍ਹਾਂ ਸਰਗਰਮੀਆਂ ਵਿੱਚ ਭਾਗ ਲੈਣ ਅਤੇ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਉੱਚਿਤ ਇਨਾਮ / ਸਰਟੀਫ਼ਿਕੇਟਾਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਇੱਥੇ ਇਹ ਜ਼ਿਕਰਯੋਗ ਹੈ ਕਿ ਚਾਰ ਸਾਲ ਲਗਾਤਾਰ ਕਾਲਜ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ 'C' ਜ਼ੋਨ ਦੀ 'B' ਡਵੀਜ਼ਨ ਵਿੱਚ ਓਵਰਆਲ ਚੈਂਪੀਅਨ ਬਣਨ ਦਾ ਮਾਣ ਹਾਸਲ ਹੈ।



## ਧਾਰਮਿਕ ਸਭਾ



ਵਿਦਿਆਰਥੀਆਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਜੋੜਨ ਲਈ ਕਾਲਜ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਧਾਰਮਿਕ ਸਭਾ ਦਾ ਗਠਨ ਕੀਤਾ ਗਿਆ ਹੈ। ਇਸ ਸਭਾ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਗੁਰਮਤਿ ਸਿਧਾਂਤਾਂ ਤੋਂ ਜਾਣੂ ਕਰਵਾਉਣਾ, ਸ਼ਖ਼ਸੀਅਤ ਨੂੰ ਨਿਖਾਰਨਾ, ਚੰਗੇ ਕਿਰਦਾਰ ਦੀ ਘਾੜਤ ਘੜਨਾ ਹੈ। ਇਸ ਨੂੰ ਮੁੱਖ ਰੱਖਦੇ ਹੋਏ ਗੁਰਬਾਣੀ ਕੰਠ ਮੁਕਾਬਲੇ, ਅੰਤਰ ਕਲਾਸ ਪ੍ਰਸ਼ਨੋਤਰੀ ਮੁਕਾਬਲੇ ਅਤੇ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ।

## ਪੰਜਾਬੀ ਸਾਹਿਤ ਸਭਾ



ਵਿਦਿਆਰਥੀਆਂ ਨੂੰ ਭਾਸ਼ਾ ਸਾਹਿਤ ਅਤੇ ਸੱਭਿਆਚਾਰ ਨਾਲ ਜੋੜਨ ਲਈ ਕਾਲਜ ਵਿਖੇ ਪੰਜਾਬੀ ਸਾਹਿਤ ਸਭਾ ਦਾ ਗਠਨ ਕੀਤਾ ਜਾਂਦਾ ਹੈ। ਸਭਾ ਵੱਲੋਂ ਹਰ ਸਾਲ ਲੋਕਤੰਤਰੀ ਢੰਗ ਨਾਲ ਚੋਣ ਕਰਵਾਈ ਜਾਂਦੀ ਹੈ ਤੇ ਸਾਹਿਤਿਕ ਗਤੀਵਿਧੀਆਂ ਨੂੰ ਤਨ, ਮਨ ਅਤੇ ਧਨ ਨਾਲ ਚਲਾਉਣ ਲਈ ਸਭਾ ਦੇ ਮੈਂਬਰਾਂ ਦੀ ਚੋਣ ਵਿੱਚ ਹਿੱਸਾ ਪਾਉਣ ਲਈ ਵਿਦਿਆਰਥੀਆਂ ਨੂੰ ਖੁੱਲਾ ਸੱਦਾ ਦਿੱਤਾ ਜਾਂਦਾ ਹੈ। ਇਸ ਸਭਾ ਦਾ ਉਦੇਸ਼ ਵਿਦਿਆਰਥੀਆਂ ਨੂੰ ਮਾਤ ਭਾਸ਼ਾ ਨਾਲ ਜੋੜਨਾ ਅਤੇ ਚੰਗਾ ਸਾਹਿਤ ਪੜ੍ਹਨ ਲਈ ਪ੍ਰੇਰਿਤ ਕਰਨਾ ਹੈ। ਸਭਾ ਵੱਲੋਂ ਹਰ ਸਾਲ ਪੰਜਾਬੀ ਸਾਹਿਤ ਨਾਲ ਸੰਬੰਧਿਤ ਕਵਿਤਾ ਉਚਾਰਣ, ਭਾਸ਼ਣ, ਲੇਖ-ਰਚਨਾ ,ਸਲੋਗਨ ਲੇਖਣ ,ਅੰਤਰ-ਕਲਾਸ ਸੈਮੀਨਾਰ, ਅੰਤਰ-ਕਲਾਸ ਪ੍ਰਸ਼ਨੋਤਰੀ ਮੁਕਾਬਲੇ ਆਦਿ ਕਰਵਾਏ ਜਾਂਦੇ ਹਨ।

## SCIENCE WIZARD SOCIETY



Science wizard is a community of curious minds who use everyday science to explore the future. We honor this tradition by taking science out of the box and bringing it to life in the real world. Our science wizard society organises the different events with enthusiasm along with exhibiting scientific and technical skills. The young budding talents took the audience off-guard with their knowledge and understanding of different realms.

## English Literary And Linguistic Society




As English remains a global lingua franca, the importance of proficiency in this language cannot be overstated. The skill to communicate effectively in English not only broadens opportunities in the academic and professional realm but also fasters cross-cultural understanding. The forum English Literary and Linguistic Society has aim to enhance student's English language skills as well as the knowledge of the literature. Competitions provide a platform for students to showcase their talents in various English language disciplines such as reading, writing, speaking, calligraphy, poster designs on Shakespeare, William Wordsworth, John Keats. By participating in these competitions, students can improve their language proficiency, gain confidence and develop a deeper appreciation for English Literature and communication.

## Commerce and Economics Forum



The Commerce and Economics Department was established in the year 2014 with a vision of providing excellence in the field of commerce by imparting quality and value-based education in this rural area of Punjab.

Since its inception, the main aim of the department has been to make the students respond to changing social realities through their holistic development. Over the years, the department has carved a desirable position in the field of commerce.

To make the students self-reliant is the motto of the department. To achieve this, various types of activities are organized for the students like Learn and Earn fest, Quizomania, paper presentation in seminar through PPTs. Besides this the students of the department participate actively in cultural, social and sports activities also. Results of the department are always excellent. Students secure remarkable position in merit and distinctions in the GNDU, Amritsar every year. The Commerce and Economics department has preserved through hard times and brought laurels. The programs of the department are among the best programs in the surrounding area right now. We believe that together we will uplift to the department and college in line with the vision and Mission of the department of Commerce and Economics.

## Digital Cycle Committee



The Digital Cycle Committee aims to support the exploration and development of digital proficiency. The main goal of the Digital Cycle Committee is to plan and create digital strategies for the future and the Digital Cycle Committee wants to help the students to become better at using Digital Technology. Whether students aspire to become a software Engineer, Data Scientist, Cyber Security Analyst or Entrepreneur, our Computer Department provides the resources and support the students to achieve your goals.

## Social Sciences Forum



The Social Sciences Forum is run collectively by the department of History, Political Science, Physical Education and Music. In addition to their study of subject, the social sciences forum also organises a number of social, motivational, character building and health oriented events for the overall development of the students. The social sciences forum is run with the mission to make students ideal citizen who has a sense of social responsibility and motivating the students for participation in social and cultural activities, competitions etc. With the motive to achieve the above mentioned objectives, social sciences forum organised various programmes and activities such as group discussion, debate, elocution, essay writing competition, poetical symposium, slogan writing, poster making competition and quiz competition etc.

# ਖੇਡਾਂ

ਕਾਲਜ ਵਿੱਚ ਖੇਡਾਂ ਦਾ ਉੱਚਿਤ ਪ੍ਰਬੰਧ ਕੀਤਾ ਗਿਆ ਹੈ। ਚੰਗੇ ਖਿਡਾਰੀਆਂ ਨੂੰ ਹਰ ਤਰ੍ਹਾਂ ਉਤਸ਼ਾਹਿਤ ਕੀਤਾ ਜਾਂਦਾ ਹੈ। ਕਾਲਜ ਵਿੱਚ ਇੱਕ ਸਪੋਰਟਸ ਕਮੇਟੀ ਬਣਾਈ ਗਈ ਹੈ, ਜਿਹੜੀ ਖੇਡਾਂ ਦੇ ਬੰਦੋਬਸਤ ਵਿੱਚ ਮਦਦ ਕਰਦੀ ਹੈ। ਕਾਲਜ ਵੱਲੋਂ ਖੇਡਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਲਈ ਨਿਮਨ ਲਿਖਤ ਨਿਯਮ ਮੰਨਣਯੋਗ ਹੋਣਗੇ।

1. ਰੋਜ਼ਾਨਾ ਪ੍ਰੈਕਟਿਸ ਅਤੇ ਮੈਚ ਵਿੱਚ ਗੈਰ-ਹਾਜ਼ਰ ਖਿਡਾਰੀਆਂ ਲਈ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ।
2. ਕਾਲਜ ਦਾ ਕੋਈ ਵਿਦਿਆਰਥੀ ਕਿਸੇ ਟੂਰਨਾਮੈਂਟ ਵਿੱਚ ਕਾਲਜ ਵਿਰੁੱਧ ਨਹੀਂ ਖੇਡ ਸਕਦਾ।
3. ਨਿਰਧਾਰਿਤ ਨਿਯਮਾਂ ਅਨੁਸਾਰ ਅੰਤਰ-ਰਾਸ਼ਟਰੀ/ਅੰਤਰ ਵਰਸਿਟੀ-ਯੂਨੀਵਰਸਿਟੀ ਮੈਚ ਖੇਡਣ ਵਾਲੇ ਵਿਦਿਆਰਥੀਆਂ ਦੀਆਂ ਕਾਲਜ ਵਿੱਚ 50% ਹਾਜ਼ਰੀਆਂ ਹੋਣੀਆਂ ਜ਼ਰੂਰੀ ਹਨ।
4. ਕਾਲਜ ਦੀਆਂ ਸਲਾਨਾ ਖੇਡਾਂ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਮੁਤਾਬਿਕ ਇਨਾਮ, ਮੈਡਲ, ਮੈਰਿਟ ਸਰਟੀਫ਼ਿਕੇਟ, ਕਾਲਜ ਕਲਰ ਅਤੇ ਰੋਲ ਆਫ਼ ਆਨਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ।
5. ਰਾਸ਼ਟਰੀ / ਅੰਤਰ-ਰਾਸ਼ਟਰੀ / ਅੰਤਰ-ਵਰਸਿਟੀ ਦੇ ਵਿਅਕਤੀਗਤ ਮੁਕਾਬਲਿਆਂ ਵਿੱਚ ਰਿਕਾਰਡ ਤੋੜਨ ਜਾਂ ਵਿਸ਼ੇਸ਼ ਪ੍ਰਾਪਤੀ ਕਰਨ ਵਾਲੇ ਵਿਦਿਆਰਥੀਆਂ ਨੂੰ ਕਾਲਜ ਵੱਲੋਂ ਵਿਸ਼ੇਸ਼ ਸਨਮਾਨ ਦਿੱਤਾ ਜਾਵੇਗਾ।













# ਖੇਡ ਪ੍ਰਾਪਤੀਆਂ

| | | | |
|---|---|---|---|
| ZONAL LEVEL | Girls U-19 | Kho-Kho | 1st Position |
| | Boys U-17 | Foot Ball | 1st Position |
| | Boys U-19 | Foot Ball | 1st Position |
| | Boys U-19 | Volley Ball | 1st Position |
| | Boys U-19 | Kho-Kho | 2nd Position |
| ZONAL LEVEL | Athletics Meet | | |
| | Boys | 400m, 1500m, 4×400m, 4×100m | 4 –Gold Medal |
| | | 100m, 200m, 800m, 3000m, Long jump, Shot-put , Javlin | 7- Silver Medal |
| | | 100m, 200m, 400m, 1500m | 4- Bronze Medal |
| ZONAL LEVEL | Athletics Meet | | |
| | Girls | 400m, 800m, Long Jump | 3 –Gold Medal |
| | | 100m, 200m, Shot-put, 4* 100m, 4*400m, | 5 –Silver Medal |
| | | 400m, 200m | 2 - Bronze Medal |
| Selection of Two Players At North – Zone Inter University Hockey Competition | | Hardeep Singh (B.A Sem 4th) | |
| | | Harshdeep Singh (B.A Sem 1st) | |
| Selection of One Player At Khelo India Hockey Competition | | Harshdeep Singh (B.A Sem 1st ) | |
| Kheda Vatan Punjab Diya | | Athletic –Javlin throw destrict level (First Position Under -21) | |

## Best Athletes



**Sourav**
**(10+2 Commerce)**



**Prabhjot Kaur**
**(B.A.-I)**


# FEE STRUCTURE FOR DEGREE AND DIPLOMA COURSES (SESSION 2025-2026)

| CLASS | 1st INSTALLMENT At The Time of Admission | 2nd INSTALLMENT Due Date 15th Sep. 2025 to 25th Sep. 2025 | 3rd INSTALLMENT Due Date 10th Nov. 2025 to 20th Nov. 2025 | 4th INSTALLMENT Due Date 12th Jan 2026 to 24th Jan 2026 | TOTAL |
|---|---|---|---|---|---|
| BA I | 4000 | 5750 | 5750 | 5000 | **20500** |
| BA II | 4000 | 6500 | 6500 | 5000 | **22000** |
| BA III | 4000 | 6750 | 6750 | 5000 | **22500** |
| BCA I | 4000 | 8000 | 8000 | 5000 | **25000** |
| BCA II | 4000 | 9250 | 9250 | 5000 | **27500** |
| BCA III | 4000 | 9750 | 9750 | 5000 | **28500** |
| B.COM I | 4000 | 8250 | 8250 | 5000 | **25500** |
| B.COM II | 4000 | 8750 | 8750 | 5000 | **26500** |
| B.COM III | 4000 | 9000 | 9000 | 5000 | **27000** |
| B.Sc. I | 4000 | 6000 | 6000 | 5000 | **21000** |
| B.Sc. II | 4000 | 7250 | 7250 | 5000 | **23500** |
| Certificate in Computer Applications | 4000 | 6500 | 6500 | 5000 | **22000** |
| PGDCA | 4000 | 5500 | 5500 | 5000 | **20000** |

**NOTE**

- Prospectus: Rs. 300/-
- University Charges/Registration Fees/Examination fee/Migration Fee (If Any) will be charged extra.
- Rs. 100 p.m per practical subject will be charged extra.
- Development Fund & Gratuity Fund of Rs. 850/- will be charged extra.
- Library I'D Card: Rs. 50/-

**UPSC / Civil Services ਦੀ ਮੁਫ਼ਤ ਕੋਚਿੰਗ ਲਈ ਇਲਾਕਾ ਨਿਵਾਸੀਆਂ ਅਤੇ ਵਿਦਿਆਰਥੀਆਂ ਲਈ ਸੈਮੀਨਾਰ ਦਾ ਆਯੋਜਨ**
**ਮੁੱਖ ਬੁਲਾਰੇ :- ਸ. ਲਛਮਣ ਸਿੰਘ ਮਲੂਕਾ ਜੀ, ਮਲੂਕਾ IAS Academy, New Delhi**



# 10+1 & 10+2 Classes Fee Structure (2025-26)

## Fee Structure for Quarterly Payments

| Class | 1st Installment At The Time of Admission | 2nd Installment Due Date 7th July 2025 to 17th July 2025 | 3rd Installment Due Date 1st Sept 2025 to 10th Sept 2025 | 4th Installment Due Date 1st Dec.2025 to 10th Dec. 2025 | Total |
|---|---|---|---|---|---|
| 10+1 Arts | 2500 | 3350 | 3350 | 3000 | **12200** |
| 10+1 Com | 2500 | 4500 | 4500 | 3000 | **14500** |
| 10+1 Sci | 2500 | 4500 | 4500 | 3000 | **14500** |
| 10+2 Arts | 2500 | 3900 | 3900 | 3000 | **13300** |
| 10+2 Com | 2500 | 4750 | 4750 | 3000 | **15000** |
| 10+2 Sci | 2500 | 4750 | 4750 | 3000 | **15000** |

## Fee Structure for Monthly Payments

| Class | Monthly Fees |
|---|---|
| 10+1 Arts | 1220×10=**12200** |
| 10+1 Com./Sci. | 1450×10=**14500** |

| Class | Monthly Fees |
|---|---|
| 10+2 Arts | 1330×10=**13300** |
| 10+2 Com./Science | 1500×10=**15000** |

**NOTE**

- Registration, Migration & Examination fees (if any) will be charged separately
- Prospectus Form:- Rs. 300/-
- Library ID Card:- Rs. 50/-
- Development Fund and Gratuity fund of Rs. 850/- and Sports Fund will be charged extra.
- Practical Fees of Rs. 50 P.M. will be charged for each practical subject (Physical Education, Music (V) and Computer Application).

## ਐੱਨ.ਐੱਸ.ਐੱਸ. ਵਿਭਾਗ ਦੁਆਰਾ ਮਨਾਏ ਗਏ 'ਅੰਤਰਾਸ਼ਟਰੀ ਮਹਿਲਾ ਦਿਵਸ' ਦੀਆਂ ਝਲਕਾਂ



# SCHOLARSHIP SCHEMES

| S.No. | Scholarship Name | Eligibility Criteria |
|---|---|---|
| 1 | Post Matric Scholarship for SC/ST | a) Parents/guardian income from all sources should not exceed Rs. 2,50,000/- per annum. b) Should belong to SC Category. |
| 2 | Post Matric Scholarship for OBC | a) Parents/guardian income from all sources should not exceed Rs. 1 Lakh per annum. b) Should belong to OBC Category. |
| 3 | Post Matric Scholarship Scheme for Minorities | a) Parents/guardian income from all sources should not exceed Rs. 2 Lakhs. b) Should belong to Minority Community. |
| 4 | Indira Gandhi Scholarship for Single Girl Child | Any candidate who is a single girl child & has taken admission in a regular, full-time first year course. |
| 5 | Nishkam Scholarship | a) Applicant must have obtained at least 60% marks in previous two examinations. b) The gross family income of the applicant must not exceed Rs. 2,50,000 per year. |
| 6 | SR Jindal Scholarship Scheme | a) For Graduate Courses: Boys - 55%, Girls - 50% b) For Post Graduate Courses: Boys - 60%, Girls - 55% |
| 7 | Scholarship for Amritdhari Students | Candidate should be Amritdhari |
| 8 | LIC Golden Jublee scholarship | 1. All candidates who have passed class 12th / class 10+2 or its equivalent with at least 60% marks OR equivalent CGPA in the Academic Year<br>2. Have taken admission in the academic year 2025-26 for pursuing 1st year degree course<br>3. Have parents/guardians with annual income (from all sources) not exceeding Rs. 2,50,000 p.a. |
| 9 | Special Scholarship for Girl Child (for Two Years) | 1. Female candidates who have passed class 10 or equivalent exam with at least 60% marks OR equivalent CGPA grade in the academic year.<br>2. Has taken admission in the academic year 2025-26 for pursuing higher studies in the 1st year of Intermediate (10+2 pattern)<br>3. Have parents/guardian with an annual income (from all sources) not exceeding Rs. 2,50,000 p.a. |

**ਵਿਸ਼ੇਸ਼ ਨੋਟ**

* ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ 10+1 ਅਤੇ 10+2 ਵਿੱਚ ਹਰ ਸਾਲ 5000/- ਰੁਪਏ, ਡਿਗਰੀ ਵਿੱਚ 8000/- ਰੁਪਏ ਅਤੇ ਪੋਸਟ ਗ੍ਰੈਜੂਏਟ ਕਲਾਸਾਂ ਵਿੱਚ 10000/- ਰੁਪਏ ਫ਼ੀਸ ਵਿੱਚ ਛੋਟ (Concession) ਦਿੱਤੀ ਜਾਵੇਗੀ।
* ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਧਾਰਮਿਕ ਪ੍ਰੀਖਿਆ ਦੇਣੀ ਲਾਜ਼ਮੀ ਹੈ।

# ਹੁਸ਼ਿਆਰ ਅਤੇ ਲੋੜਵੰਦ ਵਿਦਿਆਰਥੀਆਂ ਲਈ ਵਿਸ਼ੇਸ਼ ਰਿਆਇਤਾਂ

| ਸੀ: ਨੰ: | ਫੀਸ ਵਿੱਚ ਛੋਟ ਦਾ ਕਾਰਨ | ਫੀਸ ਵਿਚੋਂ ਛੋਟ (ਆਖ਼ਰੀ ਕਿਸ਼ਤ) ਟਿਊਸ਼ਨ ਫੀਸ |
|---|---|---|
| 1. | ਵਿਦਿਆਰਥੀ ਦੇ ਪਿਤਾ ਸਵਰਗਵਾਸ/ਤਲਾਕਸ਼ੁਦਾ ਮਾਤਾ ਹੋਣ ਦੀ ਸੂਰਤ ਵਿੱਚ | 40% |
| 2. | ਬੱਚਿਆਂ ਦੇ ਮਾਤਾ-ਪਿਤਾ ਦੋਨੋਂ ਸਵਰਗਵਾਸ ਹੋਣ ਦੀ ਸੂਰਤ ਵਿੱਚ | 60% |
| 3. | ਇੱਕੋ ਸਕੂਲ ਵਿੱਚ ਪੜ੍ਹਦੇ ਦੋ ਸਕੇ ਭੈਣ-ਭਰਾਵਾਂ ਵਿੱਚੋਂ ਦੂਜੇ ਬੱਚੇ ਦੀ ਫੀਸ | 25% |
| 4. | ਇੱਕੋ ਸਕੂਲ ਵਿੱਚ ਪੜ੍ਹਦੇ ਤਿੰਨ/ਚਾਰ ਭੈਣ-ਭਰਾਵਾਂ ਵਿੱਚੋਂ ਅਖੀਰਲੇ ਬੱਚੇ ਦੀ ਫੀਸ | 50% |
| 5. | ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਸਮੂਹ ਮੁਲਾਜ਼ਮਾਂ ਅਤੇ ਸਕੂਲਾਂ/ਕਾਲਜਾਂ ਦੇ ਟੀਚਿੰਗ/ਨਾਨ-ਟੀਚਿੰਗ ਸਟਾਫ ਦੇ ਬੱਚਿਆਂ ਦੀ ਫੀਸ | 50% |
| 6. | ਸ਼੍ਰੋਮਣੀ ਗੁ:ਪ੍ਰ:ਕਮੇਟੀ ਅਤੇ ਸਕੂਲਾਂ/ਕਾਲਜਾਂ ਦੇ ਦਰਜਾਚਾਰ ਕਰਮਚਾਰੀਆਂ ਦੇ ਬੱਚਿਆਂ ਦੀ ਫੀਸ | 60% |
| 7. | ਬੋਰਡ ਦੀਆਂ ਕਲਾਸਾਂ ਵਿੱਚੋਂ 90% ਨੰਬਰ ਤੋਂ ਉੱਪਰ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਫੀਸ | 50% |
| 8. | ਮੈਂਬਰ-ਸ਼੍ਰੋਮਣੀ ਗੁ:ਪ੍ਰ:ਕਮੇਟੀ ਦੀ ਸਿਫਾਰਸ਼ ਪੁਰ (ਕੇਵਲ ਇੱਕ ਸੈਸ਼ਨ ਦੇ ਨਵੇਂ ਦਾਖਲਿਆਂ ਲਈ) | 15% |
| 9. | ਨੇੜਲੇ ਪਿੰਡਾਂ ਦੇ ਸਰਪੰਚ/ਐੱਮ.ਸੀ. ਅਤੇ ਲੋਕਲ ਗੁਰਦੁਆਰਾ ਸਾਹਿਬਾਨ ਸੈਕਸ਼ਨ-87 ਦੇ ਪ੍ਰਧਾਨ ਦੀ ਸਿਫਾਰਸ਼ ਪੁਰ (ਕੇਵਲ ਇੱਕ ਸੈਸ਼ਨ ਦੇ ਨਵੇਂ ਦਾਖਲਿਆਂ ਲਈ) | 15% |
| 10. | ਸਟੇਟ ਪੱਧਰੀ ਖੇਡਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਲਈ | 40% |
| 11. | ਪੂਰੇ ਸਾਲ ਦੀ ਇਕੱਠੀ ਫੀਸ ਜਮ੍ਹਾਂ ਕਰਵਾਉਣ ਵਾਲੇ ਸਕੂਲਾਂ ਦੇ ਵਿਦਿਆਰਥੀਆਂ ਲਈ | 10% |
| 12. | ਪੂਰੇ ਸਾਲ ਦੀ ਇਕੱਠੀ ਫੀਸ ਜਮ੍ਹਾਂ ਕਰਵਾਉਣ ਵਾਲੇ ਕਾਲਜਾਂ ਦੇ ਵਿਦਿਆਰਥੀਆਂ ਲਈ | 07% |
| 13. | ਵਿਦਿਆਰਥੀ/ਪਿਤਾ ਦੇ 60% ਹੈਂਡੀਕੈਪਡ ਹੋਣ ਦੀ ਸੂਰਤ ਵਿੱਚ | 50% |

ਨੋਟ: ਵਿਦਿਆਰਥੀ ਸਿਰਫ ਇੱਕ ਕੈਟਾਗਿਰੀ ਵਿੱਚੋਂ ਹੀ ਫ਼ੀਸ ਮੁਆਫ਼ੀ ਦਾ ਹੱਕਦਾਰ ਹੋਵੇਗਾ।

# ਐੱਨ.ਐੱਸ.ਐੱਸ. ਵਿਭਾਗ ਦੁਆਰਾ ਲਗਾਏ ਗਏ ਵੱਖ-ਵੱਖ ਕੈਂਪਾਂ ਦੀਆਂ ਤਸਵੀਰਾਂ



# ਕਾਲਜ ਵਿਖੇ ਵੱਖ-ਵੱਖ ਸਮਾਗਮਾਂ 'ਤੇ ਕਰਵਾਈਆਂ ਗਈਆਂ ਧਾਰਮਿਕ ਗਤੀਵਿਧੀਆਂ






ਮਿਤੀ 03-10-2024 ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤਿ ਦਿਵਸ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ 450 ਸਾਲਾ ਗੁਰਿਆਈ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿਚ ਮੁੱਖ ਬੁਲਾਰੇ ਭਾਈ ਸਰਬਜੀਤ ਸਿੰਘ ਢੋਟੀਆਂ, ਮੁੱਖ ਪ੍ਰਚਾਰਕ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ ਅਤੇ ਸ. ਭਗਵੰਤ ਸਿੰਘ ਸੂਰਵਿੰਡ, ਇੰਟਰਨੈਸ਼ਨਲ ਗੋਲਡ ਮੈਡਲਿਸਟ (ਕਵੀਸ਼ਰ) ਵਿਸ਼ੇਸ਼ ਤੌਰ 'ਤੇ ਪਹੁੰਚੇ।

# ਅੰਤਰ-ਸਕੂਲ ਮੁਕਾਬਲੇ



# COLLEGE LUMINARIES

Position 1st



**Renuka**
10+2 Non-Medical
94.2%

Position 2nd



**Sanchi Sharma**
10+2 Non-Medical
89.2%

Position 3rd



**Harpreet Singh**
10+2 Non-Medical
88.4%

Position 1st



**Sharanjit Kaur**
10+2 Medical
86.8%

Position 2nd



**Dishant Paul**
10+2 Medical
78.4%

Position 3rd



**Mehakpreet Kaur**
10+2 Medical
76.8%

Position 1st



**Pragati Dhir**
10+2 Commerce
91.40%

Position 2nd



**Navneet Kumar**
10+2 Commerce
91.20%

Position 3rd



**Mridual Bansal**
10+2 Commerce
90.40%

Position 1st



**Dilpreet Kaur**
10+2 Arts
85.2%

Position 2nd



**Kiran**
10+2 Arts
80.2%

Position 2nd



**Suman**
10+2 Arts
80.2%

Position 3rd



**Muskanpreet**
10+2 Arts
79.4%

Position 1st



**Vaishnavi Sethi**
10+1 Non Medical
95%

Position 2nd



**Sukhwinder Kaur**
10+1 Non Medical
90.2%

Position 3rd



**Bhawna Rani**
10+1 Non Medical
77%

Position 1st



**Sahil**
10+1 Medical
95.6%

Position 2nd



**Ekta**
10+1 Medical
91.2%

Position 3rd



**Rajpreet Kaur**
10+1 Medical
88.4%

Position 3rd



**Geet Dhiman**
10+1 Medical
88.4%

Position 1st



**Varishav Bhandari**
10+1 Commerce
88.2%

Position 2nd



**Ramanjot Kaur**
10+1 Commerce
86.8%

Position 3rd



**Anjali**
10+1 Commerce
85.8%

Position 1st



**Muskan**
10+1 Arts
93%

Position 2nd



**Harjot Kaur**
10+1 Arts
86.6%

Position 3rd



**Harsharan Kaur**
10+1 Arts
85.2%

# COLLEGE LUMINARIES



Merit cum Distinction



**Prabhjot Kaur**
B.Com. VIth Sem
79.57%

Merit cum Distinction



**Simran Kaur**
B.Com. VIth Sem
78.19%



Distinction in GNDU



**Diya**
B.Com. VIth Sem
77.57%

Distinction in GNDU



**Sukhdeep Singh**
B.Com. VIth Sem
76.47%

Distinction in GNDU



**Deewanshi**
B.Com. VIth Sem
75%

Distinction in GNDU



**Amanpreet Kaur**
BCA VIth Sem
77.12%

Distinction in GNDU



**Komalpreet Kaur**
BCA VIth Sem
75.91%

Position 3rd



**Harminder Kaur**
BCA VIth Sem
71.8%

Position 1st



**Anjali Roll**
BA VIth Sem
67.33%

Position 2nd



**Salma**
BA VIth Sem
61.95%

Position 3rd



**Simarpreet Singh**
BA VIth Sem
61.58%

Position 1st



**Saloni**
B.Com. IVth Sem
82.85%

Position 2nd



**Sukhmanpreet Kaur**
B.Com. IVth Sem
81.42%

Position 3rd



**Gursharanpreet Kaur**
B.Com. IVth Sem
79.14%

Position 1st



**Arshdeep Kaur**
BCA IVth Sem
70.75%

Position 2nd



**Arshpreet Singh**
BCA IVth Sem
65.5%

Position 3rd



**Jasmeen Kaur**
BCA IVth Sem
64.75%

Position 1st



**Jashanpreet Kaur**
BA IVth Sem
70.5%

Position 2nd



**Lichhva Shergill**
BA IVth Sem
60.25%

Position 3rd



**Navneet**
BA IVth Sem
56.25%

Position 1st



**Harman**
B.Com. IInd Sem
7.8 SGPA

Position 2nd



**Simran**
B.Com. IInd Sem
6.92 SGPA

Position 3rd



**Diksha**
B.Com. IInd Sem
6.62 SGPA

Position 3rd



**Harpreet Kaur**
B.Com. IInd Sem
6.62 SGPA

Position 1st



**Inderpreet Kaur**
BCA IInd Sem
7.86 SGPA

Position 2nd



**Onkar Bangar**
BCA IInd Sem
7.77 SGPA

Position 3rd



**Sukhmandeep Kaur**
BCA IInd Sem
7.55 SGPA

Position 1st



**Gurleen Kaur**
BA IInd Sem
7.29 SGPA

Position 2nd



**Neha**
BA IInd Sem
7.29 SGPA

Position 3rd



**Pinki**
BA IInd Sem
6.95 SGPA

Position 3rd



**Sandeep**
BA IInd Sem
6.95 SGPA

## ਕਾਮਰਸ ਅਤੇ ਇਕਨਾਮਿਕਸ ਵਿਭਾਗ ਦੁਆਰਾ ਕਰਵਾਏ ਗਏ ਲਰਨ ਐਂਡ ਫੈਸਟ ਦੀਆਂ ਝਲਕਾਂ




## ਪੰਜਾਬੀ ਵਿਭਾਗ ਅਤੇ ਧਾਰਮਿਕ ਵਿਭਾਗ ਦੁਆਰਾ ਪੰਜਾਬੀ ਵਿਰਸੇ ਨਾਲ ਸੰਬੰਧਿਤ ਲਗਾਈ ਗਈ ਪ੍ਰਦਰਸ਼ਨੀ ਦੀਆਂ ਝਲਕਾਂ





जपुजी साहिब का पाठ किया
ਮਾਤਾ ਗੁਜਰੀ ਖ਼ਾਲਸਾ ਕਾਲਜ ਦਾ 10+1 ਦਾ ਨਤੀਜਾ ਰਿਹਾ ਸ਼ਾਨਦਾਰ
ਮਾਤਾ ਗੁਜਰੀ ਖਾਲਸਾ ਕਾਲਜ ਕਰਤਾਰਪੁਰ ਵਿਖੇ ਯੂ ਪੀ ਐਸ ਸੀ ਕੋਚਿੰਗ ਸੰਬੰਧੀ ਸੈਮੀਨਾਰ
ਮਾਤਾ ਗੁਜਰੀ ਖ਼ਾਲਸਾ ਕਾਲਜ ਵਿਖੇ ਇਕ ਰੋਜ਼ਾ ਰਾਸ਼ਟਰੀ ਸੈਮੀਨਾਰ
माता गुजरी खालसा कालेज में बजट 2025 पर विचार–विमर्श
मौसमी बीमारियों के बारे में बच्चों को किया जागरूक
ਮਾਤਾ ਗੁਜਰੀ ਖ਼ਾਲਸਾ ਕਾਲਜ ਵਿਖੇ ਕਰਵਾਇਆ ਸਾਲਾਨਾ ਖੇਡ ਸਮਾਗਮ
ਮਾਤਾ ਗੁਜਰੀ ਖਾਲਸਾ ਕਾਲਜ ਵਿਖੇ 450 ਸਾਲਾ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ
ਮਾਤਾ ਗੁਜਰੀ ਖ਼ਾਲਸਾ ਕਾਲਜ 'ਚ ਅੰਮ੍ਰਿਤਾ ਪ੍ਰੀਤਮ ਦੇ ਜਨਮ ਦਿਨ ਨੂੰ ਸਮਰਪਿਤ ਪ੍ਰੋਗਰਾਮ ਕਰਵਾਇਆ
ਮਾਤਾ ਗੁਜਰੀ ਖ਼ਾਲਸਾ ਕਾਲਜ ਕਰਤਾਰਪੁਰ ਵਿਖੇ ਕਰਵਾਇਆ ਇਕ ਰੋਜ਼ਾ ਵਿਦਿਆਰਥੀਆਂ ਲਈ ਸੈਮੀਨਾਰ
ਸਮਾਗਮਾਂ ਦਾ ਮੁੱਖ ਮੰਤਵ ਬੱਚਿਆਂ ਨੂੰ ਸਰਕਾਰੀ ਨੌਕਰੀਆਂ ਵਿਚ ਹੋਣ ਵਾਲੀਆਂ ਪ੍ਰੀਖਿਆਵਾਂ ਪ੍ਰਤੀ ਜਾਗਰੂਕ ਕਰਨਾ-ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ
खालसा कालेज में एनएसएस शिविर का हुआ शुभारंभ
छात्रों को सुनहरे भविष्य के लिए स्वच्छता पर ध्यान देना का जोर देने का दिया संदेश
करतारपुर में बंदी छोड़ दिवस मनाया
माता गुजरी खालसा कॉलेज में मनाया राष्ट्रीय खेल दिवस
ਜ਼ੋਨਲ ਅਥਲੈਟਿਕਸ ਮੀਟ 'ਚ ਮਾਤਾ ਗੁਜਰੀ ਖ਼ਾਲਸਾ ਕਾਲਜ ਦਾ ਸ਼ਾਨਦਾਰ ਪ੍ਰਦਰਸ਼ਨ
ਜਲੰਧਰ ਬਾਣੀ
ਮਾਤਾ ਗੁਜਰੀ ਕਾਲਜ ਦੇ ਵਿਦਿਆਰਥੀਆਂ ਦੀ ਪ੍ਰੀ-ਆਰ.ਡੀ.ਸੀ-2 ਕੈਂਪ 'ਚ ਚੋਣ
ਮਾਤਾ ਗੁਜਰੀ ਖ਼ਾਲਸਾ ਕਾਲਜ ਵਿਖੇ ਐੱਨ. ਸੀ. ਸੀ. ਕੈਡੇਟਸ ਨੇ ਲਾਏ ਬੂਟੇ
गुजरी खालसा कॉलेज में स्वतंत्र ... को समर्पित प्रतियोगिता करवा
ਕਾਂਜਲੀ ਵੈੱਟ ਲੈਂਡ ਦਾ ਵਿੱਦਿਅਕ ਟੂਰ
लोक कला मेले में माता गुजरी खालसा कालेज का उत्कृष्ट प्रदर्शन
ਮਾਤਾ ਗੁਜਰੀ ਖ਼ਾਲਸਾ ਕਾਲਜ ਵਿਖੇ ਭਾਈ ਤਾਰੂ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ
450 साला शताब्दी समारोह का आयोजन किया
ਗੁਰਮਤਿ ਚੇਤਨਾ ਮਾਰਚ ਕੱਢਿਆ
ਮਾਤਾ ਗੁਜਰੀ ਜੀ ਦੇ 400 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਸ਼ਖ਼ਸੀਅਤ ਉਸਾਰੀ ਵਰਕਸ਼ਾਪ ਕਰਵਾਈ
ਮਾਤਾ ਗੁਜਰੀ ਖ਼ਾਲਸਾ ਕਾਲਜ, ਕਰਤਾਰਪੁਰ ਵਿਖੇ ਲਰਨ ਐਂਡ ਅਰਨ ਫੈਸਟ ਕਰਵਾਇਆ
ਮਾਤਾ ਗੁਜਰੀ ਖਾਲਸਾ ਕਾਲਜ 'ਚ ਆਜ਼ਾਦੀ ਦਿਵਸ ਨੂੰ ਸਮਰਪਿਤ ਮੁਕਾਬਲੇ ਕਰਵਾਏ
ਕਾਲਜ ਵਿਖੇ ਏਡਜ਼ ਖਿਲਾਫ ਜਾਗਰੂਕਤਾ ਸੰਬੰਧੀ ਨੁੱਕੜ ਨਾਟਕ ਖੇਡਿਆ
ਮਾਤਾ ਗੁਜਰੀ ਖਾਲਸਾ ਕਾਲਜ ਕਰਤਾਰਪੁਰ 'ਚ ਰਾਸ਼ਟਰੀ ਵੋਟਰ ਦਿਵਸ ਮਨਾਇਆ
ਮਾਤਾ ਗੁਜਰੀ ਖਾਲਸਾ ਕਾਲਜ ਨੇ ਖੇ-ਖੇ 'ਚ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ
विदेश में आने वाली चुनौतियों से कराया अवगत
ਮਾਤਾ ਗੁਜਰੀ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਵਲੋਂ ਅੰਮ੍ਰਿਤਸਰ ਦਾ ਵਿੱਦਿਅਕ ਦੌਰਾ
खालसा कालेज में हुआ लर्न एंड अर्न फेस्ट
निबंध लेखन में वैष्णवी व पोस्टर मेकिंग में सुखप्रीत सिंह अव्वल



ਡਾਇਰੈਕਟੋਰੇਟ ਆਫ਼ ਐਜੂਕੇਸ਼ਨ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ ਸਾਹਿਬ

# ਪ੍ਰਾਸਪੈਕਟਸ

## 2025-26

# ਮਾਤਾ ਗੁਜਰੀ ਖ਼ਾਲਸਾ ਕਾਲਜ

## ਕਿਸ਼ਨਗੜ੍ਹ ਰੋਡ, ਕਰਤਾਰਪੁਰ (ਜਲੰਧਰ)

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ਤੋਂ ਮਾਨਤਾ ਪ੍ਰਾਪਤ

www.mgkckartarpur.ac.in    mgkckartarpur@gmail.com
97800-04933, ,95015-97100, 98787-77809, 81968-19845

Printed at:- Golden Offset Press (S.G.P.C.), Sri Amritsar